Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਜੂਨ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਿਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ (ਹਰਿਆਣਾ) ਵਿਖੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾਉਂਦੇ ਹੋਏ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

**ਸੰਪਾਦਕੀ...**

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਸਿੱਖ ਕੌਮ ਦੇ ਅੱਠਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ 8 ਸਾਵਣ, ਸੰਮਤ 1713 (7 ਜੁਲਾਈ, ਸੰਨ 1656) ਨੂੰ ਕੀਰਤਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ ਹੋਇਆ। ਉਸ ਸਮੇਂ ਦਿੱਲੀ ਦੇ ਤਖ਼ਤ ਤੇ ਸ਼ਾਹਜਹਾਨ ਦਾ ਰਾਜ ਸੀ।

ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਪਣਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕੇ, ਆਪਣੇ ਛੋਟੇ ਸਾਹਿਬਜ਼ਾਦੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਯੋਗ ਤੇ ਸਮਰੱਥ ਸਮਝ ਕੇ ਗੁਰੂ-ਘਰ ਵਿੱਚ ਚਲੀ ਆਉਂਦੀ ਮਰਯਾਦਾ ਅਨੁਸਾਰ ਗੁਰਤਾਗੱਦੀ ਦੀ ਰਸਮ ਅਦਾ ਕੀਤੀ। ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮੱਥਾ ਟੇਕਿਆ ਤੇ ਫਿਰ ਭਾਈ ਭਾਨਾ ਜੀ ਤੇ ਸਾਰੀ ਸੰਗਤ ਨੇ ਨਜ਼ਰਾਨੇ ਭੇਟ ਕੀਤੇ। 6 ਕੱਤਕ, ਸੰਮਤ 1718 ਅਨੁਸਾਰ 7 ਅਕਤੂਬਰ, ਸੰਨ 1661 ਈ: ਦੇ ਦਿਹਾੜੇ ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ।

ਰਾਮ ਰਾਇ ਨੇ ਇਸ ਗੱਲ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਔਰੰਗਜ਼ੇਬ ਨੇ ਸ਼ਾਹੀ ਹੁਕਮ ਭੇਜ ਦਿੱਤਾ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਆਉਣ ਅਤੇ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਨ। ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਔਰੰਗਜ਼ੇਬ ਨੇ ਰਾਮ ਰਾਇ ਦੀਆਂ ਸਾਰੀਆਂ ਗੱਲਾਂ ਨੂੰ ਵਿਚਾਰ ਕੇ ਉਸ ਦੇ ਵਰਾਸਤੀ ਹੱਕ ਦਾ ਮੁਕੱਦਮਾ ਖਾਰਜ ਕਰ ਦਿੱਤਾ। ਰਾਮ ਰਾਇ ਨੇ ਦੇਹਰਾਦੂਨ ਵਿਖੇ ਔਰੰਗਜ਼ੇਬ ਵੱਲੋਂ ਦਿੱਤੀ ਹੋਈ ਜਗੀਰ ਵਿਚ ਹੀ ਟਿਕਾਣਾ ਕੀਤਾ। ਰਾਜਾ ਜੈ ਸਿੰਘ ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਉਸ ਨੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ ਸਤਿਗੁਰੂ ਜੀ! ਆਪ ਦਿੱਲੀ ਜਾ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ, ਸੰਗਤਾਂ ਆਪ ਜੀ ਦੇ ਦੀਦਾਰ ਕਰਨ ਵਾਸਤੇ ਬਹੁਤ ਉਤਾਵਲੀਆਂ ਹਨ। ਬੇਨਤੀ ਪ੍ਰਵਾਨ ਕਰੋ ਜੀ। ਸਤਿਗੁਰਾਂ ਦੇ ਹੁਕਮ ਨਾਲ ਕੀਰਤਪੁਰ ਸਾਹਿਬ ਤੋਂ ਦਿੱਲੀ ਜਾਣ ਵਾਸਤੇ ਤਿਆਰੀ ਕੀਤੀ ਗਈ। ਮਾਤਾ ਕਿਸ਼ਨ ਕੌਰ ਜੀ ਵੀ ਨਾਲ ਜਾਣ ਵਾਸਤੇ ਤਿਆਰ ਹੋ ਗਏ। ਕੁਝ ਮੁਖੀ ਮਸੰਦਾਂ ਵਿੱਚੋ ਬਾਈ ਸੰਤ ਰਾਮ, ਪੰਜਾਬਾ ਮਸੰਦ, ਗੁਰਬਖਸ਼ ਮਸੰਦ ਵੀ ਤਿਆਰ ਹੋ ਗਏ। ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਸਮੇਤ ਥਾਨੇਸਰ, ਪਾਣੀਪਤ ਦੇ ਰਸਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕੁਰੂਕਸ਼ੇਤਰ ਪਹੁੰਚ ਕੇ ਡੇਰਾ ਕੀਤਾ।

ਪੰਜੋਖਰਾ ਸਾਹਿਬ ਵਿਖੇ ਸਤਿਗੁਰਾਂ ਦੀ ਮਹਿਮਾਂ ਸੁਣ ਕੇ ਲਾਲੂ ਨਾਮ ਦਾ ਇੱਕ ਵਿਦਵਾਨ ਪੰਡਿਤ, ਜੋ ਸਤਿਗੁਰਾਂ ਦੀ ਵਡਿਆਈ ਵੇਖ ਕੇ ਸੜ-ਬਲ ਗਿਆ ਸੀ ਅਤੇ ਗਿਆਨ-ਚਰਚਾ ਵਿਚ ਤੀਖਣ ਬੁੱਧੀ ਹੋਣ ਕਰਕੇ ਆਪਣੇ ਆਪ ਨੂੰ ਉਸਤਾਦ ਸਮਝਦਾ ਸੀ, ਨੇ ਕਿਹਾ ਕਿ ਇਹ ਕੌਣ ਹਨ, ਜਿਨ੍ਹਾਂ ਦੀ ਮਹਿਮਾ ਕਰਦੇ ਸਾਰੇ ਥੱਕਦੇ ਨਹੀਂ? ਉਸ ਨੂੰ ਪਤਾ ਲੱਗਾ ਇਹ ਦੁਨੀਆਂ ਦੇ ਵਾਲੀ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ। ਇਹ ਸੁਣ ਕੇ ਪੰਡਿਤ ਲਾਲੂ ਕਹਿਣ ਲੱਗਾ, ਇਹ ਕਦੇ ਨਹੀਂ ਹੋ ਸਕਦਾ। ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਨੇ ਗੀਤਾ ਲਿਖੀ ਹੈ, ਇਹ ਹਰਿਕ੍ਰਿਸ਼ਨ ਉਸ ਗੀਤਾ ਦੇ ਅਰਥ ਨਹੀਂ ਕਰ ਸਕਦੇ। ਲਾਲੂ ਦੀਆਂ ਹੰਕਾਰ ਭਰੀਆਂ ਗੱਲਾਂ ਸੁਣ ਕੇ ਗੁਰਸਿੱਖਾਂ ਨੇ ਸਤਿਗੁਰਾਂ ਨੂੰ ਜਾ ਦੱਸਿਆ। ਸਤਿਗੁਰੂ ਜੀ ਕਹਿਣ ਲੱਗੇ, ਪੰਡਿਤ ਨੂੰ ਕਹੋ ਕਿ ਉਹ ਸਾਡੇ ਪਾਸ ਆਵੇ। ਹੰਕਾਰੀ ਪੰਡਿਤ ਕੁਝ ਗ੍ਰੰਥ ਅਤੇ ਗੀਤਾ ਲੈ ਕੇ ਆਇਆ। ਸਤਿਗੁਰਾਂ ਨੇ ਮਿੱਠੇ ਸ਼ਬਦਾਂ ਵਿਚ ਕਿਹਾ, ਆਓ ਪੰਡਿਤ ਜੀ, ਕੀ ਫੁਰਨਾ ਹੈ ਆਪ ਦਾ? ਪੰਡਿਤ ਨੇ ਕਿਹਾ, ਗੁਰੂ ਜੀ ਮੈਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹਾਂ। ਆਪ ਜੀ ਇਸ ਦੇ ਅਰਥ ਕਰ ਕੇ ਸਮਝਾਵੋ। ਹਜ਼ੂਰ ਨੇ ਕਿਹਾ, ਪੰਡਿਤ ਜੀ! ਆਪ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰੋਏ ਮਤ ਨੂੰ ਪਰਖਣਾ ਚਾਹੁੰਦੇ ਹੋ? ਲਾਲੂ ਨੇ ਕਿਹਾ, ਹਾਂ ਜੀ। ਸਤਿਗੁਰਾਂ ਨੇ ਛੱਜੂ ਰਾਮ ਝੀਵਰ ਨੂੰ ਆਪਣੇ ਨੇੜੇ ਬਿਠਾ ਕੇ ਲਾਲੂ ਨੂੰ ਅਰਥ ਪੁੱਛਣ ਵਾਸਤੇ ਕਿਹਾ। ਗੁਰੂ ਜੀ ਦੇ ਹੁਕਮ ਅਨੁਸਾਰ ਛੱਜੂ ਰਾਮ ਨੇ ਗੀਤਾ ਦੇ ਅਰਥ ਬਿਬੇਕ-ਬੁੱਧੀ ਸਹਿਤ ਇਸ ਤਰ੍ਹਾਂ ਕੀਤੇ ਕਿ ਲਾਲੂ ਦੰਗ ਰਹਿ ਗਿਆ। ਲੋਕ ਸੁਣ ਕੇ ਹੈਰਾਨ ਹੋ ਗਏ। ਪੰਡਿਤ ਲਾਲੂ ਨੇ ਸਤਿਗੁਰੂ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਬੇਨਤੀ ਕੀਤੀ, ਸਤਿਗੁਰੂ ਜੀ, ਮੈਂ ਹੰਕਾਰੀ ਤੇ ਮੂਰਖਤਾ ਵੱਸ ਬਹੁਤ ਵੱਡੀ ਭੁੱਲ ਕਰ ਬੈਠਾ ਹਾਂ, ਮੇਰੇ ਤੇ ਕਿਰਪਾ ਕਰੋ, ਮੈਂ ਆਪ ਜੀ ਦੀ ਅਜ਼ਮਤ ਦੀ ਪਛਾਣ ਨਹੀਂ ਕੀਤੀ।

ਗੁਰੂ ਜੀ ਨੇ ਪੰਜੋਖਰੇ ਦੀਆਂ ਸੰਗਤਾਂ ਨੂੰ ਨਾਮ-ਦਾਨ ਦੇ ਕੇ ਦਿੱਲੀ ਵੱਲ ਜਾਣ ਦੀ ਤਿਆਰੀ ਕਰ ਲਈ। ਦਿੱਲੀ ਜਾ ਕੇ ਰਾਜਾ ਜੈ ਸਿੰਘ, ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਦੇ ਘਰ ਸਤਿਗੁਰਾਂ ਦੇ ਆਉਣ ਦੀ ਖੁਸ਼ੀ ਵਿਚ ਬੜੀਆਂ ਰੌਣਕਾਂ ਲੱਗੀਆਂ। ਰਾਜੇ ਦੀ ਰਾਣੀ ਨੇ ਸਤਿਗੁਰਾਂ ਦੇ ਦੀਦਾਰ ਦੀ ਤਾਂਘ ਪ੍ਰਗਟ ਕੀਤੀ ਤੇ ਗੁਰੂ ਜੀ ਨੂੰ ਪਰਖਣ ਵਾਸਤੇ ਅਮੀਰ ਘਰ ਦੀਆਂ ਬੀਬੀਆਂ ਨੂੰ ਆਪਣੇ ਮਹੱਲਾਂ ਵਿਚ ਸੱਦ ਲਿਆ। ਮਨ ਵਿਚ ਫੁਰਨਾ ਧਾਰ ਲਿਆ ਕਿ ਜੇ ਗੁਰੂ ਜੀ ਸੱਚੇ ਹੋਣਗੇ ਤਾਂ ਇਨ੍ਹਾਂ ਸਾਰੀਆਂ ਨੂੰ ਛੱਡ ਕੇ ਮੇਰੀ ਗੋਦ ਨੂੰ ਭਾਗ ਲਾਉਣਗੇ। ਇੱਛਾ ਪੂਰਕ ਸਤਿਗੁਰੂ ਸ਼੍ਰੀ ਹਰਿਕ੍ਰਿਸ਼ਨ ਸਾਹਿਬ ਰਣਵਾਸ ਵਿਚ ਗਏ। ਸਭਨਾਂ ਦੇ ਵਿੱਚੋਂ ਦੀ ਲੰਘ ਕੇ ਰਾਣੀ ਦੀ ਗੋਦ ਵਿੱਚ ਬੈਠ ਗਏ ਤੇ ਕਹਿਣ ਲੱਗੇ, ਇਹੋ ਹੈ ਵੱਡੀ ਰਾਣੀ, ਰਾਜੇ ਦੀ ਪਟਰਾਣੀ। ਗੁਰੂ ਜੀ ਨੇ ਰਾਣੀ-ਰਾਜੇ ਦੇ ਮਨੋਰਥ ਪੂਰੇ ਕੀਤੇ। ਦੁਖੀਆਂ ਦੇ ਦੁੱਖ ਦੂਰ ਕੀਤੇ।

ਫੱਗਣ/ਚੇਤਰ ਬਸੰਤ ਦੀ ਰੁੱਤ ਸੀ। ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਇਹ ਛੂਤ ਦੀ ਬਿਮਾਰੀ ਸੀ। ਜਿਸ ਆਦਮੀ ਨੂੰ ਸ਼ੁਰੂ ਹੋ ਜਾਂਦੀ, ਉਸ ਨੂੰ ਬੇਅੰਤ ਭੈੜੇ ਜਿਰਮ ਪੈਦਾ ਹੋ ਕੇ ਤਾਪ ਚੜ੍ਹ ਜਾਂਦਾ। ਸਰੀਰ ਤੇ ਨਿੱਕੇ-ਨਿੱਕੇ ਫੁਹਾਰੇ ਨਿਕਲ ਆਉਂਦੇ। ਕੁਝ ਦਿਨਾਂ ਵਿਚ ਹੀ ਉਸ ਦੀ ਮੌਤ ਹੋ ਜਾਂਦੀ। ਦੀਨ-ਦੁਨੀਆ ਦੇ ਵਾਲੀ ਨੇ ਸੰਗਤਾਂ ਸਮੇਤ ਦੁਖੀਆਂ ਦੀ ਆਪ ਸੇਵਾ ਕੀਤੀ। ਸੇਵਾ ਕਰਦਿਆਂ ਇਸ ਬਿਮਾਰੀ ਨੇ ਸਤਿਗੁਰਾਂ ਤੇ ਵੀ ਹਮਲਾ ਕਰ ਦਿੱਤਾ। ਸਤਿਗੁਰੂ ਜੀ ਫਿਰ ਵੀ ਦੁਖੀਆਂ ਦੀ ਸੇਵਾ ਕਰਦੇ ਰਹੇ। ਸੰਗਤਾਂ ਵਿਚ ਘਬਰਾਹਟ ਪੈਦਾ ਹੋ ਗਈ। ਸੰਗਤਾਂ ਨੂੰ ਧੀਰਜ ਦੇ ਕੇ ਕਿਹਾ ਕਿ ਸਾਡਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਕਿਸੇ ਸਿੱਖ ਨੇ ਰੁਦਨ ਨਹੀਂ ਕਰਨਾ। ਭਾਣੇ ਵਿਚ ਰਹਿ ਕੇ ਪਰਮੇਸ਼ਵਰ ਦਾ ਸਿਮਰਨ ਕਰਨਾ। ਸਿੱਖਾਂ ਨੇ ਬੇਨਤੀ ਕੀਤੀ, ਗਰੀਬ ਨਿਵਾਜ ਸਤਿਗੁਰੂ ਜੀ! ਅੱਗੇ ਤੋਂ ਕੌਣ ਆਪ ਜੀ ਦੀ ਥਾਂ ਅਸਾਂ ਦੁਖੀਆਂ ਦੀ ਬਾਂਹ ਫੜੇਗਾ? ਸਤਿਗੁਰੂ ਨੇ ਹੁਕਮ ਕੀਤਾ, "ਬਾਬਾ ਬਕਾਲੇ ਹੈ। ਸਾਡੇ ਤੋਂ ਬਾਅਦ ਉਹ ਦੀਨ-ਦੁਨੀਆਂ ਦੇ ਮਾਲਿਕ ਹੋਣਗੇ।"

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
**e-mail:lobanafoundation@gmail.com**
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**

**ਜੇਠ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 10-07-2025 (ਵੀਰਵਾਰ)**
**ਸੰਗਰਾਂਦ - 16-07-2025 (ਬੁੱਧਵਾਰ)**
**ਮੱਸਿਆ - 24-07-2025 (ਵੀਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 145 | ਜੁਲਾਈ - 2025



| | | |
|---|---|---|
| 1. | ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿਠੈ ਸਭੁ ਦੁਖ ਜਾਇ। | 4 |
| 2. | ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ | 6 |
| 3. | ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ | 8 |
| 4. | ਸ੍ਰੀ ਅਕਾਲ ਤਖ਼ਤ ਸਾਹਿਬ ਜੀ | 11 |
| 5. | ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਅੰਗ 9 ॥ | 14 |
| 6. | ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ | 17 |
| 7. | ਸਫਲ ਜੀਵਨ ਲਈ ਸਹਿਜ ਮਾਰਗ ਦੀ ਲੋੜ | 19 |
| 8. | ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 20 |
| 9. | ਜੀਵਨ ਵਿਕਾਸ - ਇਕ ਸੰਘਰਸ਼ | 22 |
| 10. | ਸਰਕਾਰ ਦੇ ਦਾਅਵੇ, ਭਾਰਤੀ ਕਿਸਾਨਾਂ ਦੀ ਸਥਿਤੀ | 23 |
| 11. | ਸਚੁ ਸੁਣਾਇਸੀ ਸੱਚ ਕੀ ਬੇਲਾ | 25 |
| 12. | ਉਰਦੂ ਅਤੇ ਪੰਜਾਬੀ ਦੇ ਆਪਸੀ ਸੰਬੰਧ : ਇਕ ਪਿਛਲਝਾਤ | 27 |
| 13. | ਔਰਤ ਦੀ ਸਥਿਤੀ | 28 |
| 14. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 31 |
| 15. | ਗੁਰ ਸਾਗਰ ਦੇ ਸੁੱਚੇ ਮੋਤੀ | 34 |
| 16. | ਨਾਟਕ ਹੀ ਨਾਟਕ | 34 |
| 17. | ਸਿਹਤ ਸੰਭਾਲ | 35 |
| 18. | ਕਾਵਿ-ਕਿਆਰੀ | 36 |
| 19. | Matrimonial | 38 |
| 20. | ਦਾਨੀ ਸੱਜਣਾਂ ਦੀ ਸੂਚੀ | 39 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

19 ਜੁਲਾਈ ਅਵਤਾਰ ਪੁਰਬ ’ਤੇ ਵਿਸ਼ੇਸ਼

# ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿਠੇ ਸਭ ਦੁਖ ਜਾਇ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਠਵੇਂ ਜੋਤਿ ਸਰੂਪ ਸਤਿਗੁਰੂ ਸਨ। ਆਪ ਜੀ ਦਾ ਜਨਮ 1656 ਈ. ਨੂੰ ਮਾਤਾ ਕਿਸ਼ਨ ਕੌਰ ਜੀ ਅਤੇ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਕੀਰਤਪੁਰ ਸਾਹਿਬ ਵਿਖੇ ਹੋਇਆ। ਬਚਪਨ ਤੋਂ ਹੀ ਆਪ ਤੀਖਣ ਬੁੱਧੀ, ਦੂਰ ਦ੍ਰਿਸ਼ਟੀ ਅਤੇ ਪ੍ਰਭੂ ਰੰਗ ਵਿਚ ਭਿੱਜੀ ਹੋਈ ਸ਼ਖ਼ਸ਼ੀਅਤ ਦੇ ਮਾਲਕ ਸਨ। ਗੁਰੂ-ਪਿਤਾ ਦੀ ਸੰਗਤ ਵਿਚ ਵੀ ਆਪ ਜੀ ਸੰਗਤਾਂ ਲਈ ਲੰਗਰ ਛਕਾਉਣ ਅਤੇ ਹੋਰ ਸੇਵਾ ਵਿਚ ਲੱਗੇ ਰਹਿੰਦੇ ਸਨ। ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਪੁੱਤਰ, ਬਾਬਾ ਰਾਮ ਰਾਇ ਨੇ ਜਦੋਂ ਦਿੱਲੀ ਵਿਖੇ, ਔਰੰਗਜੇਬ ਦੀਆਂ ਗੱਲਾਂ ਅਤੇ ਪ੍ਰਭਾਵ ਹੇਠ ਆਣ ਕੇ ਇਹ ਕਹਿ ਦਿੱਤਾ ਕਿ ਗੁਰਬਾਣੀ ਵਿਚ “ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ”॥ ਗਲਤੀ ਨਾਲ ਲਿਖਿਆ ਗਿਆ ਹੈ, ਸਗੋਂ ਇਸ ਤੁਕ ਵਿਚ ‘ਮੁਸਲਮਾਨ’ ਦਾ ਦੀ ਥਾਂ ਤੇ ‘ਬੇਈਮਾਨ’ ਹੈ। ਅਰਥਾਤ ਰਾਮ ਰਾਏ ਨੇ ਗੁਰਬਾਣੀ ਦੀ ਇਸ ਤੁਕ ਦਾ ਉਚਾਰਣ ਇਸ ਤਰ੍ਹਾਂ ਕੀਤਾ ਸੀ-

**“ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ”॥**

ਇਸ ਨਾਲ ਔਰੰਗਜੇਬ ਦੀ ਤਾਂ ਭਾਵੇਂ ਤਸੱਲੀ ਹੋ ਗਈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ‘ਧੁਰ ਕੀ ਬਾਣੀ’ ਵਿਚ ਤਬਦੀਲੀ ਕਰਨਾ ਅਜਿਹਾ ਬੱਜਰ ਗੁਨਾਹ ਸੀ ਜੋ ਬਖ਼ਸ਼ਿਆ ਨਹੀਂ ਸੀ ਜਾ ਸਕਦਾ। ਗੁਰੂ ਹਰਿ ਰਾਏ ਸਾਹਿਬ ਨੇ, ਰਾਮ ਰਾਏ ਨੂੰ ਕਹਿ ਭਿਜਵਾਇਆ ਕਿ ‘ਉਹ ਸਾਡੇ ਮੱਥੇ ਨਾ ਲੱਗੇ’। ਇਹ ਕਾਰਨ ਸੀ ਜਿਸ ਕਰਕੇ ਗੁਰਗੱਦੀ ਨਾ ਮਿਲ ਸਕੀ ਅਤੇ ਉਸ ਦੀ ਥਾਂ ਤੇ ‘ਸ੍ਰੀ ਹਰਿ ਕ੍ਰਿਸ਼ਨ ਸਾਹਿਬ’ ਨੂੰ ਸਵਾ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ਦੀ ਬਖ਼ਸ਼ਿਸ਼ ਪ੍ਰਾਪਤ ਹੋ ਗਈ।

ਗੁਰਬਾਣੀ ਦੇ ਮਹਾਨ ਵਾਕ ਅਨੁਸਾਰ ਗੁਰਗੱਦੀ ਦੀ ਬਖਸ਼ਿਸ਼ ਤਾਂ ਧੁਰ ਦਰਗਾਹੋ ਹੈ। ਇਸ ਦਾ ਸੰਬੰਧ ਵਿਅਕਤੀ ਦੀ ਉਮਰ ਨਾਲ ਵੀ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਨੂੰ ਸਭ ਤੋਂ ਵੱਡੀ ਉਮਰ (72 ਸਾਲ) ਵਿਚ ਅਤੇ ਸਭ ਤੋਂ ਛੋਟੀ ਉਮਰ (ਸਵਾ ਪੰਜ ਸਾਲ) ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅਮੋਲਕ ਦਾਤ ਪ੍ਰਾਪਤ ਹੋਈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਉਮਰ ਭਾਵੇਂ ਛੋਟੀ ਸੀ ਪਰ ‘ਜੋਤਿ’ ਅਤੇ ‘ਜੁਗਤਿ’ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਹੀ ਸੀ। ਸਿੱਖ ਸੰਗਤਾਂ ਦੀ ਅਗਵਾਈ ਕਰਨ ਵਿਚ, ਗੁਰੂ ਜੀ ਵੱਲੋਂ ਕਦੇ ਵੀ ਢਿੱਲ ਮੱਠ ਨਾ ਆਈ। ਹਰ ਰੋਜ਼ ਕੀਰਤਨ ਦਰਬਾਰ ਸੱਜਦੇ। ਗੁਰੂ ਜੀ ਨਿਤਾਪ੍ਰਤੀ ਅੰਮ੍ਰਿਤ ਵੇਲੇ ਉਠਦੇ। ਨਾਮ ਸਿਮਰਨ ਵਿਚ ਆਪ ਜੀ ਦੀ ਅਡੋਲ ਬਿਰਤੀ ਲੰਮਾ ਸਮਾਂ ਜੁੜੀ ਰਹਿੰਦੀ ਸੀ। ਗੁਰਬਾਣੀ ਦੇ ਨਿਤਨੇਮ ਦਾ ਪਾਠ ਆਪ ਜੀ ਦਾ ਬਹੁਤ ਪ੍ਰਪੱਕ ਸੀ। ਹਰ ਰੋਜ਼ ਗੁਰੂ ਦਰਬਾਰ ਦੇ ਨਾਲ-ਨਾਲ ਅਤੁੱਟ ਲੰਗਰ ਵੀ ਵਰਤਦਾ ਸੀ।




**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
**98155-40240**





ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਸਵੰਤ ਰਾਏ ਨਾਮ ਦੇ ਵਿਅਕਤੀ, ਰੋਪੜ ਦਾ ਵਸਨੀਕ ਸ਼ਾਹੂਕਾਰ ਰਾਜਾ ਰਾਮ ਵਰਗਿਆਂ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਘਰ ਨਾਲ ਜੋੜਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਿਮਾ ਬੇਅੰਤ ਹੈ। ਆਪ ਜੀ ਨੇ ਬੇਅੰਤ ਵਿਅਕਤੀਆਂ ਨੂੰ ਮਨਮੁਖਤਾ ਵੱਲੋਂ ਹਟਾ ਕੇ, ਗੁਰਮਤਿ ਮਾਰਗ ਨਾਲ ਜੋੜਿਆ। ਜਿਵੇਂ ਨੰਦ ਚੰਦ ਨੂੰ ਵੇਸਵਾਪੁਣਾ ਤਿਆਗ ਕੇ, ਗੁਰਸਿੱਖ ਵਾਲਾ ਜੀਵਨ ਜਿਉਣ ਲਈ ਤਤਪਰ ਕੀਤਾ। ਜੰਜੀਆ ਨਾਮ ਦੇ ਵਿਅਕਤੀ ਨੂੰ ਤੰਬਾਕੂ ਨਾ ਖਾਣ ਦਾ ਉਪਦੇਸ਼ ਕੀਤਾ। ਪੰਜੋਖਰਾ ਨਾਮ ਦੇ ਸਥਾਨ ਤੇ, ਇਕ ਪੰਡਤ ਜਿਸ ਦਾ ਨਾਮ ਲਾਲ ਚੰਦ ਸੀ ਅਤੇ ਉਚੀ ਬ੍ਰਾਹਮਣ ਜਾਤੀ ਦੇ ਹੰਕਾਰ ਵਿਚ ਗ੍ਰਸਿਆ ਹੋਇਆ ਸੀ। ਉਸ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ “7-8 ਸਾਲ ਦਾ ਬੱਚਾ ਆਪਣੇ ਆਪ ਨੂੰ “ਗੁਰੂ ਹਰਿਕ੍ਰਿਸ਼ਨ” ਅਖਵਾਉਂਦਾ ਹੈ। ਕ੍ਰਿਸ਼ਨ ਭਗਵਾਨ ਜੀ ਨੇ ਤਾਂ ਗੀਤਾ ਜੀ ਦਾ ਉਚਾਰਣ ਕੀਤਾ ਸੀ ਪਰ ਇਹ ਉਸ ਤੋਂ ਵੀ ਅਗਾਂਹ “ਹਰਿ ਕ੍ਰਿਸ਼ਨ” ਅਖਵਾਉਂਦਾ ਹੈ। ਜੇਕਰ ਇਸ ਵਿਚ ਏਨੀ ਯੋਗਤਾ ਹੈ ਤਾਂ ਉਸ ਨੂੰ ਆਖੋ ਕਿ

ਉਹ ਗੀਤਾ ਜੀ ਦੇ ਅਰਥ ਕਰਕੇ ਦੱਸਣ"। ਗੁਰੂ ਸਾਹਿਬ ਨੇ ਪੰਡਤ ਲਾਲ ਚੰਦ ਨੂੰ ਸਮਝਾਇਆ ਕਿ "ਜੇਕਰ ਮੈਂ ਅਰਥ ਕਰ ਵੀ ਦਿੱਤੇ ਤਾਂ ਵੀ ਤੇਰੇ ਮਨ ਦੀ ਸੰਤੁਸ਼ਟੀ ਨਹੀਂ ਹੋਣੀ। ਜੇਕਰ ਤੂੰ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀਆਂ ਬਖ਼ਸ਼ਿਸ਼ਾਂ ਵੇਖਣੀਆਂ ਹੀ ਹਨ ਤਾਂ ਤੇਰੇ ਸ਼ਹਿਰ ਵਿਚ, ਜੋ ਵਿਅਕਤੀ ਸਭ ਤੋਂ ਵੱਡਾ ਮੂਰਖ (ਬੁੱਧੂ) ਹੈ, ਉਸ ਨੂੰ ਲੈ ਆ। ਉਹ ਤੇਰੇ ਸਾਰੇ ਪ੍ਰਸ਼ਨਾਂ ਦਾ ਉਤਰ ਦੇਵੇਗਾ।" ਪੰਡਤ ਲਾਲ ਚੰਦ ਨੇ ਇਸ ਵਿਚ ਆਪਣੀ ਹੇਠੀ ਸਮਝੀ। ਉਸ ਨੇ ਇਕ ਗੂੰਗੇ ਮੂਰਖ ਵਿਅਕਤੀ, ਜੋ ਜਾਤੀ ਦਾ ਝਿਊਰ ਸੀ, ਨੂੰ ਗੁਰੂ ਜੀ ਸਾਹਮਣੇ ਪੇਸ਼ ਕਰ ਦਿੱਤਾ। ਬਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ 'ਛੱਜੂ ਝਿਊਰ' ਵੱਲ ਨੇਤਰ ਭਰ ਕੇ ਵੇਖਿਆ। ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਐਸੀ ਬਖ਼ਸ਼ਿਸ਼ ਹੋਈ। ਕੁਝ ਵਿਦਵਾਨ ਆਖਦੇ ਹਨ ਕਿ ਗੁਰੂ ਜੀ ਨੇ ਇਕ ਸੋਟੀ ਛੱਜੂ ਦੇ ਸਿਰ ਤੇ ਰੱਖੀ ਸੀ। ਚਾਹੇ ਸਿਰ ਤੇ ਸੋਟੀ ਸੀ ਜਾਂ ਨੇਤ੍ਰਾਂ ਦੀ ਬਖ਼ਸ਼ਿਸ਼ ਸੀ ਪਰ ਹੈ ਤਾਂ ਗੁਰੂ ਮਿਹਰ ਦਾ ਹੱਥ ਹੀ ਸੀ, ਛੱਜੂ ਦੇ ਸਿਰ ਉਪਰ। ਗੁਰੂ ਮਿਹਰ ਨਾਲ ਛੱਜੂ-ਮੂਰਖ ਗਿਆਨਵਾਨ ਪੰਡਤਾਂ ਵਾਂਗ ਗੀਤਾ ਜੀ ਦੇ ਸਲੋਕਾਂ ਦੇ ਅਰਥ ਕਰਕੇ ਦੱਸਣ ਲੱਗ ਪਿਆ। ਲੋਕ ਹੈਰਾਨ ਰਹਿ ਗਏ। ਗੁਰੂ ਸਾਹਿਬ ਦੇ ਦਰਬਾਰ ਦੀ ਮਹਿਮਾ ਹੋਰ ਵੀ ਵੱਧ ਗਈ। ਹੰਕਾਰੀ ਪੰਡਤ ਨੇ ਬਾਲ ਗੁਰੂ ਹਰਿਕ੍ਰਿਸ਼ਨ ਜੀ ਤੋਂ ਮਾਫ਼ੀ ਮੰਗੀ।

ਗੁਰੂ ਜੀ ਜਦੋਂ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਦੀ ਰਾਣੀ ਨੇ, ਗੁਰੂ ਜੀ ਦੀ ਪਰਖ ਕਰਨ ਲਈ, ਆਪਣੇ ਮਨ ਵਿਚ ਇੱਛਾ ਜਾਹਰ ਕੀਤੀ ਕਿ "ਜੇਕਰ ਇਹ ਸੱਚਾ ਗੁਰੂ ਅੰਤਰਜਾਮੀ ਹੈ ਤਾਂ ਮੇਰੇ ਮਹੱਲਾਂ ਵਿਚ ਆ ਕੇ, ਮੇਰੀ ਗੋਦੀ ਵਿਚ ਬੈਠੇ"। ਬਹੁਤ ਸਾਰੀਆਂ ਹੋਰ ਅਮੀਰ ਔਰਤਾਂ ਨੂੰ ਰਾਣੀ ਨੇ ਸਦ ਬੁਲਾ ਕੇ, ਆਪਣੇ ਵਰਗੇ ਕੱਪੜੇ ਹੀ ਉਨ੍ਹਾਂ ਨੂੰ ਪੁਵਾ ਕੇ, ਆਪਣੇ ਕੋਲ ਬਿਠਾ ਲਿਆ। ਘਟ-ਘਟ ਦੇ ਜਾਨਣਹਾਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਮੁਸਕਰਾਉਂਦੇ ਹੋਏ, ਅਡੋਲ ਹੀ ਰਾਣੀ ਦੀ ਗੋਦੀ ਵਿਚ ਜਾ ਕੇ ਬੈਠ ਗਏ। ਜਿਸ ਨਾਲ ਗੁਰੂ ਘਰ ਦੀ ਸ਼ੋਭਾ ਹੋਰ ਵੀ ਵੱਧ ਗਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨਿਰਭੈ ਅਤੇ ਨਿਰਵੈਰ ਸਨ। ਔਰੰਗਜ਼ੇਬ ਵੱਲੋਂ ਦਿੱਲੀ ਵਿਖੇ, ਗੁਰੂ ਜੀ ਨੂੰ ਕਈ ਸੁਨੇਹੇ ਭੇਜੇ ਗਏ ਪਰ ਗੁਰੂ ਜੀ ਔਰੰਗਜ਼ੇਬ ਦੇ ਕੋਲ ਨਾ ਗਏ। ਆਪ ਜੀ ਨੇ ਬਚਨ ਕੀਤਾ, "ਔਰੰਗਜ਼ੇਬ ਅੱਤਿਆਚਾਰ ਕਰ ਰਿਹਾ ਹੈ। ਅਸੀਂ ਉਸਦੇ ਮੱਥੇ ਨਹੀਂ ਲੱਗਣਾ"। ਔਰੰਗਜ਼ੇਬ ਵੱਲੋਂ ਭੇਜੀਆਂ ਹੋਈਆਂ ਵਸਤਾਂ ਵੀ ਗੁਰੂ ਜੀ ਨੇ ਵਾਪਸ ਕਰ ਦਿੱਤੀਆਂ।

ਉਨ੍ਹੀਂ ਦਿਨੀਂ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਇਸ ਮਹਾਂਮਾਰੀ ਦੇ ਰੋਗੀਆਂ ਦੀ ਸੇਵਾ ਲਈ ਸਖ਼ਤ ਘਾਲਣਾ ਘਾਲੀ। ਉਦੋਂ ਗੁਰੂ ਜੀ ਦੀ ਉਮਰ ਮਸਾਂ 7 ਸਾਲ 9 ਮਹੀਨੇ ਦੀ ਹੀ ਸੀ, ਜਦੋਂ ਚੇਚਕ ਨੇ ਆਪ ਜੀ ਤੇ ਵੀ ਹਮਲਾ ਕਰ ਦਿੱਤਾ। ਆਪ ਜੀ ਨੂੰ ਤੇਜ਼ ਬੁਖ਼ਾਰ ਹੋ ਗਿਆ। ਸਾਰੇ ਸਰੀਰ ਤੇ ਛਾਲੇ ਛਾਲੇ ਹੋ ਗਏ। ਆਪਣਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ ਜੀ ਨੇ, ਰਾਜਾ ਜੈ ਸਿੰਘ ਦਾ ਮਹੱਲ ਛੱਡ ਦਿੱਤਾ ਅਤੇ ਸੰਗਤਾਂ ਸਮੇਤ ਜਮੁਨਾ ਨਦੀ ਦੇ ਕੰਢੇ (ਦਿੱਲੀ) ਆ ਕੇ ਡੇਰਾ ਲਾ ਲਿਆ। ਸਭ ਸੰਗਤਾਂ ਨੂੰ ਗੁਰੂ ਜੀ ਨੇ ਗੁਰਬਾਣੀ ਅਨੁਸਾਰ ਜੀਵਨ ਜਿਉਣ ਦਾ ਉਪਦੇਸ਼ ਕੀਤਾ। ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਸੰਗਤ ਨੂੰ ਹੁਕਮ ਕੀਤਾ 'ਬਾਬਾ ਬਕਾਲੇ'। ਜਿਸ ਦਾ ਭਾਵ ਸੀ ਕਿ ਅਗਲਾ ਗੁਰੂ ਬਾਬਾ – ਬਾਬੇ ਬਕਾਲੇ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੈ। ਇਹ ਸੰਕੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸੀ।



ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰੂ ਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਿੱਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ ਵਿਖੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਾਉਂਦੇ ਹੋਏ.

**ਕੌਮੀ ਜ਼ਿੰਮੇਵਾਰੀ ਅਤੇ ਪਰਖ** - ਜਦ ਗੁਰੂ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਆਇਆ ਤਾਂ ਆਪ ਨੇ ਸੰਗਤਾਂ ਨੂੰ ਬਾਬਾ ਬਕਾਲੇ ਕਹਿਣ ਦਾ ਭਾਵ ਸੀ ਕੌਮ ਆਪਣਾ ਆਗੂ ਆਪ ਚੁਣਨਾ ਸਿੱਖੇ ਤੇ ਕੌਮ ਨੂੰ ਖੋਟੇ ਅਤੇ ਖਰੇ ਦੀ ਪੜਤਾਲ ਦਾ ਹੱਕ ਹੋਵੇ। ਸਾਰੀ ਗੱਲ ਇਸ ਕਰਕੇ ਸੰਗਤਾਂ ਦੇ ਸਹਾਰੇ ਛੱਡ ਦਿੱਤੀ। ਕਿਤੇ ਕੌਮ ਧੀਰਮੱਲ ਜਿਹੇ ਨੂੰ ਆਪਣਾ ਆਗੂ ਚੁਣ ਲੈਂਦੀ ਤਾਂ ਸਾਬਤ ਹੋ ਜਾਂਦਾ ਕਿ ਇਹ ਕੌਮ ਦੁਨੀਆਂ ਵਿਚ ਵਧਣ ਫੁੱਲਣ ਦੇ ਲਾਇਕ ਨਹੀਂ ਕਿਉਂਕਿ ਇਸ ਨੂੰ ਆਪਣਾ ਆਗੂ ਚੁਨਣ ਦੀ ਜਾਂਚ ਨਹੀਂ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿੱਤੀ ਸ਼ਹਾਦਤ ਬਿਰਥੀ ਜਾਣ ਵਾਲੀ ਨਹੀਂ ਸੀ। ਗੁਰੂ ਹਰਿਕ੍ਰਿਸ਼ਨ ਜੀ ਦਾ ਭਰੋਸਾ ਗਲਤ ਨਹੀਂ ਸੀ। ਕੌਮ ਨੇ ਆਪਣਾ ਆਗੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੁਣਿਆ। ਇਨ੍ਹਾਂ ਚੁਨਣ ਵਾਲਿਆਂ ਵਿਚੋਂ ਬਾਬਾ ਮੱਖਣ ਸ਼ਾਹ ਲੁਬਾਣਾ ਮੋਹਰੀ ਸੀ। ਸੰਗਤਾਂ ਵੱਲੋਂ ਲੱਭੇ ਗੁਰੂ ਨੇ ਆਪਣੇ ਸਾਰੇ ਜੀਵਨ ਤੇ ਪਵਿੱਤਰ ਬਾਣੀ ਤੇ ਆਖਰ ਆਪਣੀ ਲਾਸਾਨੀ ਸ਼ਹੀਦੀ ਦੁਆਰਾ ਇਹ ਸਾਬਤ ਕਰ ਦਿੱਤਾ ਕਿ ਕੌਮ ਦੀ ਚੋਣ ਗਲਤ ਨਹੀਂ ਸੀ।

30 ਮਾਰਚ 1664 ਈ. ਨੂੰ ਦਿੱਲੀ ਵਿਖੇ ਜਮੁਨਾ ਨਦੀ ਦੇ ਕੰਢੇ, ਗੁਰੂ ਜੀ ਜੋਤਿ ਨਾਲ ਜੋਤਿ ਮਿਲਾ ਗਏ। ਇਸ ਵੇਲੇ ਇਥੇ ਸੁੰਦਰ ਗੁਰਦੁਆਰਾ 'ਸ੍ਰੀ ਬਾਲਾ ਸਾਹਿਬ' ਸੁਸ਼ੋਭਿਤ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨਿਰੰਕਾਰੀ ਜੋਤਿ ਸਨ। ਆਪ ਗਰੀਬਾਂ, ਰੋਗੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਆਪ ਜੀ ਸਦਾ ਹੀ ਤਤਪਰ ਰਹਿੰਦੇ ਸਨ।

ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ



ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਸ਼ਹੀਦ ਅਰਬੀ ਦਾ ਸ਼ਬਦ ਹੈ ਅਤੇ ਕੁਰਾਨ ਅਨੁਸਾਰ ਇਸ ਦੀ ਵਰਤੋਂ ਗਵਾਹ ਜਾਂ ਸਾਕਸ਼ੀ ਦੇ ਅਰਥਾਂ ਵਿਚ ਹੋਈ ਹੈ। ਪਰ ਬਾਅਦ ਵਿਚ ਇਸ ਦੀ ਵਰਤੋਂ ਕੁਰਬਾਨੀ ਜਾਂ ਬਲੀਦਾਨ ਵਜੋਂ ਹੋਣ ਲੱਗੀ। ਸਰੀਰ ਦੀ ਪ੍ਰਵਾਹ ਨਾ ਕੀਤਿਆਂ ਧਰਮ ਦੀ ਰੱਖਿਆ, ਜ਼ਾਲਮ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨਾ ਅਤੇ ਸ਼ਹਾਦਤ ਦੇਣੀ ਸ਼ਹੀਦਾਂ ਦੇ ਹੌਂਸਲੇ ਤੇ ਸੂਰਬੀਰਤਾ ਦੀ ਨਿਸ਼ਾਨੀ ਹੈ। ਸ਼ਹੀਦੀ ਇਕ ਅਜਿਹਾ ਸਿਧਾਂਤ ਹੈ ਜਿਸਨੂੰ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਇਕ ਪਰੰਪਰਾ ਵਾਂਗ ਗੁਰੂ ਚਰਨਾਂ ਵਿਚ ਅਰਪਣ ਕੀਤਾ ਹੈ। ਸ਼ਹੀਦ ਆਤਮ-ਵਿਸ਼ਵਾਸੀ ਹੁੰਦਾ ਹੈ। ਉਹ ਇੱਛਾ ਮੁਕਤ ਅਤੇ ਗੁਰੂ ਦੀ ਰਜ਼ਾ ਵਿਚ ਲੀਨ, ਸ਼ਾਂਤ ਤੇ ਅਡੋਲ ਰਹਿੰਦਾ ਹੈ। ਪੰਜਾਬ ਵਿਚ ਉਤਪੰਨ ਹੋਇਆ ਸ਼ਹੀਦੀ ਸਿਧਾਂਤ ਗੁਰ-ਮਰਿਆਦਾ ਅਨੁਸਾਰ ਇਤਿਹਾਸਕ ਬਿਰਤਾਂਤ ਦਾ ਸਰੂਪ ਧਾਰਨ ਕਰਦਾ ਰਿਹਾ। ਇਸ ਦੀ ਨੀਂਹ ਗੁਰੂ ਨਾਨਕ ਨੇ ਰੱਖੀ ਸੀ। ਇਸ ਦੀ ਸ਼ੁਰੂਆਤ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀ ਲਾਹੌਰ ਵਿਖੇ ਸ਼ਹਾਦਤ ਨਾਲ ਹੋਈ। ਸ਼ਹੀਦਾਂ ਦਾ ਸਿਰਤਾਜ ਤਪਦੀ ਲੋਹ ਉੱਤੇ ਬੈਠਾ, ਉਬਲਦੀ ਦੇਗ ਵਿਚ ਉਬਾਲੇ ਖਾਧੇ, ਗਰਮ ਰੇਤਾ ਸੀਸ ਉੱਤੇ ਪਵਾਈ, ਪਰ ਮੂੰਹੋਂ ਅਕਾਲ ਪੁਰਖ ਦਾ ਨਾਮ ਜਪਦੇ ਰਹੇ। ਫਿਰ 1675 ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਧਰਮ ਦੀ ਰੱਖਿਆ ਲਈ ਸੀਸ ਗਿਆ ਪਰ ਸਿਰੜ ਕਾਇਮ ਰਿਹਾ। ਇਸ ਤੋਂ ਬਾਅਦ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਹੀ ਧਰਮ ਦੀ ਰੱਖਿਆ ਲਈ ਕੁਰਬਾਨ ਕਰ ਦਿੱਤਾ ਜਿਸ ਦੀ ਕਿਤੇ ਕੋਈ ਮਿਸਾਲ ਨਹੀਂ। ਲਾਹੌਰ ਵਿਖੇ ਰਾਵੀ ਦੇ ਕੰਢੇ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀਆਂ ਪਾਵਨ ਖ਼ੂਨ ਦੀਆਂ ਬੂੰਦਾਂ ਡਿੱਗੀਆਂ ਸਨ, ਸਿੱਖੀ ਦਾ ਬੂਟਾ ਉਨ੍ਹਾਂ ਬੂੰਦਾਂ ਦੀ ਉਪਜ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਅਨੇਕਾਂ ਸੂਰਮੇ ਇਸ ਸ਼ਹੀਦੀ ਗਾਥਾ ਦਾ ਸ਼ਿੰਗਾਰ ਬਣੇ।

ਇਤਿਹਾਸ ਗਵਾਹ ਹੈ ਕਿ ਨਗਾਰੇ ਦੀ ਚੋਟ ਨਾਲ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਦ ਵੀ ਸਿੰਘ ਜੰਗਲਾਂ ਵਿਚ ਗਾਉਂਦੇ ਫਿਰਦੇ ਸਨ ਕਿ 'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ'। ਸਿੱਖੀ ਸਰੂਪ ਵਿਚ ਕੇਸਾਂ ਦੀ ਬੜੀ ਮਹੱਤਤਾ ਤੇ ਮਹਾਨਤਾ ਬਣ ਗਈ। ਇਹੋ ਕਾਰਨ ਸੀ ਕਿ ਸਿੱਖ ਕੇਸਾਂ ਦੀ ਬੇਅਦਬੀ ਕਰਨ ਨਾਲੋਂ ਆਪਣੀ ਸ਼ਹਾਦਤ ਦੇਣਾ ਜ਼ਿਆਦਾ ਪਸੰਦ ਕਰਦੇ ਸਨ। ਆਪਣੇ ਕੇਸਾਂ ਨੂੰ ਉਹ ਪ੍ਰਾਣਾਂ ਤੋਂ ਵੱਧ ਪਿਆਰ ਕਰਦੇ ਸਨ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




18ਵੀਂ ਸਦੀ ਦੇ ਸ਼ਹੀਦਾਂ ਵਿਚੋਂ ਇਕ ਮਹਾਨ ਸਿੱਖ ਸ਼ਹੀਦ ਸਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੇ ਖੋਪਰੀ ਉਤਰਵਾ ਲਈ ਪਰ ਨਾ ਧਰਮ ਬਦਲਿਆ ਅਤੇ ਨਾ ਹੀ ਕੇਸ ਕਤਲ ਕਰਵਾਏ। ਜਦੋਂ ਮੁਗਲ ਹਕੂਮਤ ਭਾਰਤ ਆਈ ਤਾਂ ਉਸ ਨੇ ਦੂਜੇ ਧਰਮਾਂ ਵਾਲਿਆਂ 'ਤੇ ਬਹੁਤ ਜ਼ੁਲਮ ਢਾਹੇ ਅਤੇ ਇਥੋਂ ਦੇ ਲੋਕਾਂ ਨੂੰ ਜ਼ਬਰੀ ਧਰਮ ਪਰਿਵਰਤਨ ਕਰਾ ਕੇ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀਆਂ ਨੀਤੀਆਂ ਵਰਤੀਆਂ ਜਿਸ ਦੇ ਸ਼ਿਕਾਰ ਭਾਈ ਤਾਰੂ ਸਿੰਘ ਜੀ ਵੀ ਹੋਏ।

ਭਾਈ ਤਾਰੂ ਸਿੰਘ ਜੀ ਦਾ ਜਨਮ 1720 ਈ. ਨੂੰ ਪਿਤਾ ਭਾਈ ਜੋਧ

ਸਿੰਘ ਜੀ ਦੇ ਗ੍ਰਹਿ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਜੋਧ ਸਿੰਘ ਜੀ ਵੀ ਮੁਗਲਾਂ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਆਪਣੀ ਮਾਤਾ ਜੀ ਅਤੇ ਭੈਣ ਬੀਬੀ ਤਾਰੋ ਜੀ ਨਾਲ ਪਿੰਡ ਵਿਚ ਰਹਿੰਦੇ ਸੀ। ਭਾਈ ਤਾਰੂ ਸਿੰਘ ਜੀ ਦੀ ਮਾਤਾ ਜੀ ਦਾ ਗੁਰੂ ਸਾਹਿਬ 'ਤੇ ਬਹੁਤ ਵਿਸ਼ਵਾਸ਼ ਸੀ। ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਲੋਰੀ ਵੀ ਗੁਰੂ ਸਾਹਿਬ ਜੀ ਦੀ ਬਾਣੀ ਦੀ ਹੀ ਦਿੱਤੀ। ਉਹ ਰੋਜ਼ ਗੁਰਬਾਣੀ ਦਾ ਪਾਠ ਕਰਦੇ ਅਤੇ ਲੋੜਵੰਦਾਂ ਦੀ ਮੱਦਦ ਕਰਦੇ।

1726 ਈ. ਵਿਚ ਜਦੋਂ ਜ਼ਕਰੀਆ ਖਾਨ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਇਆ ਤਾਂ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਉਹ ਸਿੱਖਾਂ ਦਾ ਕੱਟੜ ਵਿਰੋਧੀ ਸੀ। ਉਸ ਨੇ ਸਿੱਖਾਂ 'ਤੇ ਜ਼ੁਲਮ ਢਾਹੁਣ, ਜਿਊਂਦਾ ਜਾਂ ਮੁਰਦਾ ਫੜ ਕੇ ਲਿਆਉਣ ਲਈ ਕਈ ਤਰ੍ਹਾਂ ਦੇ ਇਨਾਮਾਂ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਸੀ। ਸਿੱਖਾਂ ਦੇ ਘਰਾਂ ਨੂੰ ਲੁੱਟਣਾ, ਬਰਬਾਦ ਕਰਨਾ ਅਤੇ ਬਾਅਦ ਵਿਚ ਅੱਗ ਲਗਾ ਦੇਣ ਵਾਲੇ ਨੂੰ ਕੋਈ ਸਜ਼ਾ ਨਹੀਂ ਹੁੰਦੀ ਸੀ ਸਗੋਂ ਇਸ ਦੀ ਪੂਰੀ ਖੁਲ੍ਹ ਸੀ। ਜ਼ਕਰੀਆਂ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕਈ ਮੁਖਬਰਾਂ ਦਾ ਜਾਲ ਵਿਛਾ ਦਿੱਤਾ। ਉਸ ਦੇ ਭਰੋਸੇਯੋਗ ਮੁਖਬਰਾਂ ਵਿਚੋਂ ਇਕ ਹਰਭਗਤ ਨਿਰੰਜਨੀਆ ਸੀ ਜਿਨ੍ਹਾਂ ਦੇ ਵਡੇਰਿਆਂ ਦੀ ਰੱਖਿਆ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਤੀ ਸੀ।

ਭਾਈ ਤਾਰੂ ਸਿੰਘ ਜੀ ਖੇਤੀਬਾੜੀ ਕਰਕੇ ਪਰਿਵਾਰ ਦਾ ਨਿਰਬਾਹ ਕਰਦੇ ਅਤੇ ਲੋੜ ਅਨੁਸਾਰ ਕੱਪੜੇ ਅਤੇ ਲੰਗਰ ਤਿਆਰ ਕਰਕੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਨੂੰ ਭਿਜਵਾਉਂਦੇ। ਸਿੱਖ ਉਸ ਸਮੇਂ ਜੰਗਲਾਂ ਵਿਚ ਰਹਿੰਦੇ ਸਨ ਅਤੇ ਉਥੇ ਹੀ ਜਥੇਬੰਦ ਹੋ ਕੇ ਮੌਕੇ ਅਨੁਸਾਰ ਹਕੂਮਤ ਨਾਲ ਟੱਕਰ ਲੈਂਦੇ ਸਨ। ਲੋਕ ਭਾਈ ਤਾਰੂ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਹਰਭਗਤ ਨਿਰੰਜਨੀਏ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ ਅਤੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਦੀ ਮੱਦਦ ਕਰਦਾ ਹੈ ਤਾਂ ਉਸ ਨੇ ਜ਼ਕਰੀਆ ਖਾਨ ਪਾਸ ਮੁਖਬਰੀ ਕੀਤੀ ਅਤੇ ਹੋਰ ਕਈ ਝੂਠ-ਸੱਚ ਗੱਲਾਂ ਦੱਸੀਆਂ। ਜ਼ਕਰੀਆ ਖਾਨ ਨੇ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਇਆ ਜਾਵੇ। ਸਿਪਾਹੀਆਂ ਨੇ ਪਿੰਡ ਪੂਹਲੇ ਆ ਕੇ ਭਾਈ ਤਾਰੂ ਸਿੰਘ ਅਤੇ ਇਨ੍ਹਾਂ ਦੀ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਪਿੰਡ ਵਾਲਿਆਂ ਨੇ ਸਿਪਾਹੀਆਂ ਨੂੰ ਬਹੁਤ ਸਾਰੇ ਪੈਸੇ ਦੇ ਕੇ ਭਾਈ ਸਾਹਿਬ ਦੀ ਭੈਣ ਨੂੰ ਛੁਡਵਾ ਲਿਆ। ਭਾਈ ਸਾਹਿਬ ਨੂੰ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।


ਜਦੋਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਕੋਲ ਪੇਸ਼ ਕੀਤਾ ਗਿਆ ਤਾਂ ਜ਼ਕਰੀਆ ਖਾਨ ਨੇ ਭਾਈ ਸਾਹਿਬ 'ਤੇ ਬਾਗੀਆਂ ਨੂੰ ਸ਼ਰਨ ਦੇਣ, ਜ਼ਰੂਰੀ ਚੀਜ਼ਾਂ ਦਾ ਪਹੁੰਚਾਉਣ ਆਦਿ ਦੇ ਦੋਸ਼ ਲਗਾਏ। ਭਾਈ ਸਾਹਿਬ ਨੇ ਨਿਧੜਕ ਹੋ ਕੇ ਨਵਾਬ ਨੂੰ ਕਿਹਾ ਕਿ ਅਸੀਂ ਜ਼ਮੀਨ ਦਾ ਮਾਲੀਆ ਤੇ ਵਪਾਰ ਦਾ ਟੈਕਸ ਦਿੰਦੇ ਹਾਂ। ਉਸ ਤੋਂ ਇਲਾਵਾ ਜੋ ਨਫ਼ਾ ਸਾਨੂੰ ਹੁੰਦਾ ਹੈ ਜਾਂ ਜੋ ਦਾਣਾ ਬਚਦਾ ਹੈ, ਅਸੀਂ ਆਪਣੇ ਤਨ ਨੂੰ ਭੁੱਖਾ ਰੱਖ ਕੇ ਲੋੜਵੰਦਾਂ ਦੀ ਭੁੱਖ ਦੂਰ ਕਰਦੇ ਹਾਂ। ਇਹ ਸੁਣ ਕੇ ਜ਼ਕਰੀਆ ਖਾਨ ਗੁੱਸੇ ਵਿਚ ਅੱਗ ਭਬੂਲਾ ਹੋ ਗਿਆ। ਹਾਕਮ ਭਾਈ ਸਾਹਿਬ ਨੂੰ ਹਰ ਹੀਲੇ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਕਿ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕਰਕੇ ਅਤੇ ਇਸ ਦਾ ਪ੍ਰਚਾਰ ਕਰਕੇ ਹੋਰ ਸਿੱਖਾਂ ਨੂੰ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਸਕੇ। ਉਸ ਨੇ ਭਾਈ ਸਾਹਿਬ ਨੂੰ ਸਿੱਖਾਂ ਦੀ ਮੱਦਦ ਨਾ ਕਰਨ ਲਈ ਜ਼ੋਰ ਪਾਇਆ ਅਤੇ ਇਹ ਵੀ ਲਾਲਚ ਦਿੱਤਾ ਕਿ ਜੇ ਉਹ ਮੁਸਲਮਾਨ ਬਣ ਜਾਵੇ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਜਾਗੀਰਾ ਦਿੱਤੀਆਂ ਜਾਣਗੀਆਂ। ਭਾਈ ਤਾਰੂ ਸਿੰਘ ਜੀ ਨੂੰ ਸਿੱਖੀ ਵਿਚ ਅਟੱਲ ਵਿਸ਼ਵਾਸ ਸੀ ਅਤੇ ਉਨ੍ਹਾਂ ਨੇ ਜ਼ਕਰੀਆ ਖਾਨ ਦੀ ਕੋਈ ਵੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਕਾਜ਼ੀ ਕੋਲੋਂ ਦਰਬਾਰ ਵਿਚ ਫਤਵਾ ਜਾਰੀ ਕਰਵਾਇਆ ਕਿ ਭਾਈ ਸਾਹਿਬ ਜੀ ਦੇ ਕੇਸ ਕਤਲ ਕਰ ਦਿੱਤੇ ਜਾਣ ਜਿਸ 'ਤੇ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਨਾਲ ਵਿਰੋਧਤਾ ਜ਼ਾਹਿਰ ਕੀਤੀ ਅਤੇ ਕੇਸ ਕਟਵਾਉਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਵੱਲੋਂ ਭਾਈ ਸਾਹਿਬ ਦੇ ਕੇਸ ਸਣੇ ਖੋਪਰੀ ਲਾਹ ਦੇਣ ਦਾ ਹੁਕਮ ਹੋਇਆ ਅਤੇ ਨਾਲ ਇਹ ਵੀ ਹੁਕਮ ਹੋਇਆ ਕਿ ਕੇਸ ਇਸ ਤਰ੍ਹਾਂ ਉਤਾਰੇ ਜਾਣ ਕਿ ਮੁੜ ਕੇ ਉੱਗ ਨਾ ਸਕਣ। ਜ਼ਾਲਮਾਂ ਨੇ ਭਾਈ ਸਾਹਿਬ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ ਪਰ ਭਾਈ ਸਾਹਿਬ ਨੇ ਮੁੱਖ ਤੋਂ ਸੀ ਨਹੀਂ ਕੀਤੀ। ਭਾਈ ਸਾਹਿਬ ਦੀ ਖੋਪਰੀ ਲਾਹੁਣ ਤੋਂ ਬਾਅਦ ਉਨ੍ਹਾਂ ਨੂੰ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤਾ ਗਿਆ। ਸਿੰਘ ਉਥੇ ਪਿਆ ਗੁਰਬਾਣੀ ਪੜ੍ਹਦਾ ਰਿਹਾ। ਤੀਜੇ ਦਿਨ ਨਵਾਬ ਉਥੋਂ ਦੀ ਲੰਘਿਆ ਤਾਂ ਬਾਣੀ ਦੀ ਆਵਾਜ਼ ਸੁਣ ਕੇ ਬੋਲਿਆ ਓਇ ਸਿੱਖਾ ਤੂੰ ਮਰਿਆ ਨੀ? ਸਿੰਘ ਨੇ ਜਵਾਬ ਦਿੱਤਾ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਲੈ ਜਾਣ ਲਈ ਨਹੀਂ ਮਰਿਆ। ਅੱਠਵੇਂ ਦਿਨ ਨਵਾਬ ਦਾ ਪੁੱਤਰ ਅਹੀਆ ਖਾਂ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਉੱਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਹੁੰਦਾ ਮਰ ਗਿਆ। ਪੰਦਰ੍ਹਾਂ ਦਿਨਾਂ ਬਾਅਦ ਨਵਾਬ ਨੂੰ ਵੀ ਪਿਸ਼ਾਬ ਦਾ ਬੰਨ੍ਹ ਪੈ ਗਿਆ ਤਾਂ ਬੜੇ-ਬੜੇ ਹਕੀਮ, ਵੈਦ ਆਦਿ ਸੱਦੇ ਗਏ ਪਰ ਕੋਈ ਵਾਹ ਪੇਸ਼ ਨਾ ਗਈ। ਸਰਦਾਰ ਸੁਬੇਗ ਸਿੰਘ ਜੀ ਨੂੰ ਬੁਲਾਇਆ ਗਿਆ। ਸਰਦਾਰ ਸੁਬੇਗ ਸਿੰਘ ਜੀ ਭਾਈ ਤਾਰੂ ਸਿੰਘ ਜੀ ਪਾਸ ਗਏ ਤੇ ਬਚਨ ਵਾਪਸ ਲੈਣ ਲਈ ਕਿਹਾ। ਭਾਈ ਤਾਰੂ ਸਿੰਘ ਨੇ ਕਿਹਾ ਕਿ ਹੁਣ ਜ਼ਕਰੀਆ ਖਾਨ ਦੀ ਮੱਦਦ ਸਾਧ ਸੰਗਤ ਹੀ ਕਰ ਸਕਦੀ ਹੈ। ਫਿਰ ਖ਼ਾਲਸਾ ਨੇ ਨਿਰਣਾ ਕੀਤਾ ਕਿ ਜੇਕਰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸਿਰ 'ਤੇ ਲੱਗੇ ਤਾਂ ਪਿਸ਼ਾਬ ਆ ਸਕਦਾ ਹੈ। ਭਾਈ ਸੁਬੇਗ ਸਿੰਘ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੈ ਆਇਆ। ਜਿਵੇਂ-ਜਿਵੇਂ ਜੁੱਤੀ ਸਿਰ ਵਿਚ ਵੱਜਦੀ ਗਈ ਤਿਵੇਂ-ਤਿਵੇਂ ਨਵਾਬ ਦੇ ਪਿਸ਼ਾਬ ਦਾ ਬੰਨ੍ਹ ਟੁੱਟਦਾ ਗਿਆ। ਇਸ ਤਰ੍ਹਾਂ ਨਵਾਬ ਜੁੱਤੀਆਂ ਦੀ ਮਾਰ ਖਾਂਦਾ-ਖਾਂਦਾ ਮਰ ਗਿਆ। ਭਾਈ ਸਾਹਿਬ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ 22 ਦਿਨ ਜਿੰਦਾ ਰਹੇ ਅਤੇ ਬਾਣੀ ਦਾ ਜਾਪ ਕਰਦੇ ਰਹੇ। ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨ੍ਹਦਾ ਰਿਹਾ। ਅਖੀਰ ਭਾਈ ਤਾਰੂ ਸਿੰਘ ਜੀ 1745 ਈ. ਨੂੰ ਸ਼ਹੀਦੀ ਪਾ ਗਏ। ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਈ। ਜਿਥੇ ਇਹ ਭਾਣਾ ਵਾਪਰਿਆ ਉਸ ਜਗ੍ਹਾ ਦਾ ਨਾਮ ਨਖਾਸ ਚੌਂਕ ਸੀ, ਜੋ ਅੱਜਕਲ੍ਹ ਲਾਹੌਰ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਹੈ। ਇਸ ਸਥਾਨ 'ਤੇ ਹੀ ਸ਼ਹੀਦ ਗੰਜ ਸਿੰਘਣੀਆਂ ਬਣਿਆ ਹੋਇਆ ਹੈ ਅਤੇ ਇਹ ਸਥਾਨ ਲੰਡਾ ਬਜ਼ਾਰ ਨਾਲ ਵੀ ਮਸ਼ਹੂਰ ਹੈ।


ਆਓ ਅਸੀਂ ਸਿੱਖ ਕੌਮ ਦੇ ਨੌਜਵਾਨਾਂ ਨੂੰ ਸਿੱਖੀ ਲਈ ਦਿੱਤੀਆਂ ਗਈਆਂ ਸ਼ਹੀਦੀਆਂ ਤੋਂ ਜਾਣੂੰ ਕਰਵਾਈਏ ਅਤੇ ਕੇਸਾਂ ਦੇ ਮਹੱਤਵ ਬਾਰੇ ਉਨ੍ਹਾਂ ਨੂੰ ਦੱਸੀਏ। ਸਿੱਖੀ ਨੂੰ ਕਾਇਮ ਰੱਖਣਾ ਹੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।


*ਮੀਰੀ-ਪੀਰੀ ਦਿਵਸ 5 ਜੁਲਾਈ ’ਤੇ ਵਿਸ਼ੇਸ਼*


# ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ















**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**

**ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਕੋਟਲੀ ਭਾਗ, ਗੁਜਰਾਂਵਾਲਾ** - ਕੋਟਲੀ ਭਾਗ ਨਾਂ ਦਾ ਇਹ ਪਿੰਡ ਐਮਨਾਬਾਦ ਤੋਂ ਮੀਆਂ ਵਾਲੀ ਬੰਗਲੇ ਨੂੰ ਜਾਣ ਵਾਲੀ ਸੜਕ ਉੱਤੇ ਹੈ। ਇਸ ਦਾ ਬੱਸ ਸਟਾਪ ਪੁਲੀ ਚੱਕ ਰਾਮਦਾਸ ਹੈ। ਪੱਕੀ ਤੋਂ ਪਿੰਡ ਦੀ ਵਾਟ 2 ਕਿਲੋਮੀਟਰ ਹੈ।

ਇੱਥੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਆਪ ਜਿਸ ਪਿੱਪਲ ਦੇ ਰੁੱਖ ਹੇਠ ਬਿਰਾਜੇ, ਉਹ ਅੱਜ ਤੱਕ ਮੌਜੂਦ ਹੈ। ਕੋਲ ਹੀ ਉਹ ਨਿੱਕਾ ਜਿਹਾ ਮੰਜੀ ਸਾਹਿਬ ਅਤੇ ਥੜ੍ਹਾ ਸਾਹਿਬ ਹੈ। ਹੁਣ ਇੱਥੋਂ ਲੋਕ ਵਸ ਗਏ ਹਨ। ਇਸ ਦਰਬਾਰ ਦੇ ਨਾਮ ੧੯ ਘੁਮਾਉ ਜ਼ਮੀਨ ਇਸ ਪਿੰਡ ਵੱਲੋਂ ਹੈ। ੧੪ ਚੇਤਰ ਨੂੰ ਮੇਲਾ ਹੁੰਦਾ ਹੈ।

**ਗੁਰਦੁਆਰਾ ਛੇਵੀਂ ਪਾਤਿਸ਼ਾਹੀ ਗੋਲਟੀਆ, ਜ਼ਿਲ੍ਹਾ ਸਿਆਲਕੋਟ** - ਗਲੋਟੀਆ ਖ਼ੁਰਦ ਨਾਮੀ ਇਹ ਪਿੰਡ ਗੁਜਰਾਵਾਲਾ ਸਿਆਲਕੋਟ ਮੇਨ ਰੋਡ ਉੱਤੇ ਆਬਾਦ ਹੈ। ਬੱਸ ਸਟਾਪ ਗਲੋਟੀਆਂ ਦੇ ਨਾਮ ਤੋਂ ਹੀ ਪ੍ਰਸਿੱਧ ਹੈ। ਮੇਨ ਰੋਡ ਤੋਂ ਪਿੰਡ ਦੀ ਦੂਰੀ ਚਾਰ ਕਿਲੋਮੀਟਰ ਹੈ। ਪਿੰਡ ਵਿੱਚ ਪੱਕੀ ਸੜਕ

ਜਾਂਦੀ ਹੈ, ਟਾਂਗਾ ਅਤੇ ਵੈਗਨ ਸਵਾਰੀ ਆਮ ਮਿਲ ਜਾਂਦੀ ਹੈ।

ਇਸ ਪਿੰਡ ਦੇ ਬਿਲਕੁਲ ਵਿਚਾਲੇ ਸਭ ਤੋਂ ਉੱਚੀ ਥਾਂ ਉੱਤੇ ਛੇਵੇਂ ਪਾਤਿਸ਼ਾਹ ਜੀ ਦਾ ਪਾਵਨ ਅਸਥਾਨ ਹੈ। ਗੁਰੂ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਇੱਥੇ ਬਿਰਾਜੇ। ਇੱਥੇ ਹੀ ਗੁਰੂ ਹਰਿ ਰਾਏ ਜੀ ਨੇ ਇਕ ਪ੍ਰਮੀ ਦੀ ਅਰਾਧਨਾ ਤੇ ਅਚਨਚੇਤ ਦਰਸ਼ਨ ਦਿੱਤੇ।

ਗੁਰਦੁਆਰਾ ਸਾਹਿਬ ਦਾ ਸੁੰਦਰ ਗੁੰਬਦ ਦੂਰੋਂ ਹੀ ਨਜ਼ਰ ਆਉਂਦਾ ਹੈ। ਪਿੰਡ ਅੰਦਰ ਇਹ ਸਭ ਤੋਂ ਉੱਚੀ ਇਮਾਰਤ ਹੈ। ਪ੍ਰਕਾਸ਼ ਅਸਥਾਨ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ। ੧੯੪੭ ਤੋਂ ਮਗਰੋਂ ਕਦੇ ਪ੍ਰਕਾਸ਼ ਨਹੀਂ ਹੋਇਆ। ਇਸ ਵੇਲੇ ਪਿੰਡ ਦੇ ਲੋਕ ਇਸ ਇਮਾਰਤ ਨੂੰ ਜੰਞ ਘਰ ਵਜੋਂ ਵਰਤ ਰਹੇ ਹਨ। ਗੁਰੂ ਸਾਹਿਬ ਦੇ ਸਮੇਂ ਇੱਥੇ ਇੱਕ ਬੋਹੜ ਦਾ ਰੁੱਖ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ। ਪਿੰਡ ਵੱਲੋਂ ੧੩ ਘੁਮਾਉਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਇਮਾਰਤ ਦੀ ਹਾਲਤ ਐਨੀ ਪਤਲੀ ਹੈ ਕਿ ਇਹ ਕਿਸੇ ਵੇਲੇ ਵੀ ਅਲੋਪ ਹੋ ਸਕਦੀ ਹੈ।

**ਗੁਰਦੁਆਰਾ ਕੁੰਡ ਸਾਹਿਬ, ਰਹਿਸਮਾ, ਜ਼ਿਲ੍ਹਾ ਸਿਆਲਕੋਟ** - ਰਹਿਸਮਾ ਨਾਮੀ ਇਹ ਪਿੰਡ ਜ਼ਿਲ੍ਹਾ ਤੇ ਤਹਿਸੀਲ ਸਿਆਲਕੋਟ ਦਾ ਇੱਕ ਸਰਹੱਦੀ ਪਿੰਡ ਹੈ। ਇਸ ਪਿੰਡ ਵਿੱਚ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ ਗੁਰਦੁਆਰੇ ਹਨ ਜਿਨ੍ਹਾਂ ਦੇ ਨਾਮ ਕੁੰਡ ਸਾਹਿਬ, ਗੁਰੂ ਸਰ ਅਤੇ ਟਾਹਲੀ ਸਾਹਿਬ ਹਨ। ਹੁਣ ਇਸ ਪਿੰਡ ਦਾ ਨਮ ਸਾਲਿਹ ਪੁਰ ਹੈ। ਕਸਬਾ ਚਪਰਾੜ ਦੇ ਨਾਲ ਇੱਕ ਬੰਧ ਹੈ, ਇਸ ਬੰਧ ਨੂੰ ਪਾਰ ਕਰਕੇ ਇਸ ਪਿੰਡ ਵਿੱਚ ਜਾਣਿਆ ਜਾ ਸਕਦਾ ਹੈ। ਗੁਰਦੁਆਰਾ ਕੁੰਡ ਸਾਹਿਬ ਅਲੋਪ ਹੋ ਚੁੱਕਿਆ ਹੈ। ਕੁੰਡ ਸਾਹਿਬ ਦੇ ਕਿਨਾਰੇ ਦਾ ਇੱਕ ਤਪ ਅਸਥਾਨ ਅੱਜ ਵੀ ਖਲੋਤਾ ਹੈ।

**ਗੁਰਦੁਆਰਾ ਗੁਰੂ ਸਰ, ਰਹਿਸਮਾ, ਜ਼ਿਲ੍ਹਾ ਸਿਆਲਕੋਟ** - ਜ਼ਿਲ੍ਹਾ ਸਿਆਲਕੋਟ ਦੇ ਪਿੰਡ ਰਹਿਸਮਾ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਗੁਰੂਸਰ ਹੈ। ਇਸ ਪਿੰਡ ਤੋਂ ਕੋਈ ਅੱਧਾ ਕਿਲੋਮੀਟਰ ਬਾਹਰ ਗੁਰੂ ਸਾਹਿਬ ਦਾ ਤਾਲ ਸੀ। ਜਦ ਗੁਰੂ ਸਾਹਿਬ ਇੱਥੇ ਪਧਾਰੇ ਤਦ ਇਹ ਸੁੱਕ ਚੁੱਕਾ ਸੀ, ਗੁਰੂ ਜੀ ਨੇ ਨੇਜਾ ਮਾਰ ਕੇ ਜਲ ਕੱਢਿਆ। ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ।

ਸ ਵੇਲੇ ਇਹ ਪਾਵਨ ਸਰੋਵਰ ਪੂਰਿਆ ਜਾ ਚੁੱਕਾ ਹੈ। ਗੁਰਦੁਆਰਾ ਸਾਹਿਬ ਵਿੱਚ ਲੋਕ ਵਸੇ ਹੋਏ ਹਨ।




**ਗੁਰਦੁਆਰਾ ਟਾਹਲੀ ਸਾਹਿਬ, ਰਹਿਸਮਾ, ਸਿਆਲਕੋਟ** - ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਦਾ ਇਹ ਤੀਜਾ ਅਸਥਾਨ ਹੈ। ਜਦ ਗੁਰੂ ਸਾਹਿਬ ਇਥੇ ਤਸ਼ਰੀਫ ਲਿਆਏ, ਤਦ ਇੱਥੇ ਇੱਕ ਗੋਸਾਈ ਸਾਧੂ ਦੀ ਲੜਕੀ ਦਾ ਵਿਆਹ ਸੀ। ਉਸ ਦੀ ਬੇਨਤੀ ਕਰਨ ਉੱਤੇ ਗੁਰੂ ਸਾਹਿਬ ਨੇ ਉਸ ਦੇ ਘਰ ਵਿੱਚ ਚਰਨ ਪਾਏ। ਉਨ੍ਹਾਂ ਜਿਸ ਕੁੰਡ ਵਿੱਚ ਪੈਰ ਧੋਤੇ, ਉਹ ਪੂਜਾ ਅਸਥਾਨ ਬਣ ਗਿਆ। ਗੁਰੂ ਸਾਹਿਬ ਨੇ ਸਾਧੂ ਨੂੰ ਸੌ ਰੁਪਏ ਇੱਕ ਬਟਵੇ ਵਿੱਚ ਪਾ ਕੇ ਦਿੱਤੇ ਅਤੇ ਸੇਹਲੀ ਟੋਪੀ ਬਖਸ਼ੀ। ਕਦੋਂ ਇਹ ਤਿੰਨੇ ਵਸਤਾਂ ਇੱਥੇ ਯਾਦਗਾਰ ਸਨ।

ਪਿੰਡ ਤੋਂ ਪੂਰਬ ਵੱਲ ਟਾਹਲੀ ਸਾਹਿਬ ਨਾਮੀ ਅਸਥਾਨ ਹੈ। ਗੁਰੂ ਸਾਹਿਬ ਕਸ਼ਮੀਰ ਜਾਂਦੇ ਹੋਏ ਇੱਥੇ ਬਿਰਾਜੇ, ਟਾਹਲੀ ਨਾਲ ਘੋੜਾ ਬੰਨ੍ਹਿਆ, ਇਸ ਕਰਕੇ ਇਸ ਦਾ ਨਾਮ ਟਾਹਲੀ ਸਾਹਿਬ ਪ੍ਰਸਿੱਧ ਹੋ ਗਿਆ। ਇਹ ਮਕਾਨ ਵੀ ਹੁਣ ਇੱਕ ਮਕਾਨ ਦੀ ਸੂਰਤ ਵੱਚ ਹੈ। ਇਸ ਅੰਦਰ ਲੋਕਾਂ ਦੀ ਰਿਹਾਇਸ਼ ਹੈ।

ਇਸ ਪਿੰਡ ਨੂੰ ਹੁਣ ਸਾਲਿਹਪੁਰ ਆਖਿਆ ਜਾਂਦਾ ਹੈ। ਇਸ ਦਾ ਪੁਲਿਸ ਸਟੇਸ਼ਨ ਚਿਪਰਾੜ, ਜ਼ਿਲ੍ਹਾ ਤੇ ਤਹਿਸੀਲ ਸਿਆਲਕੋਟ ਹੈ। ਇਹ ਦਰਬਾਰ ਅੰਮ੍ਰਿਤਸਰ ਦੀ ਸੰਗਤ ਨੇ ਬਣਵਾਇਆ ਸੀ, ਇੱਕ ਦੋ ਤੋ ਤਿੰਨ ਹਾੜ ਨੂੰ ਮੇਲਾ ਹੁੰਦਾ ਸੀ। ਤਿੰਨ ਘੁਮਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਹੈ।

**ਗੁਰਦੁਆਰਾ ਚੌਮਾਲਾ ਸਾਹਿਬ, ਭਾਟੀ ਦਰਵਾਜ਼ਾ ਲਾਹੌਰ** - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਦਾ ਇਹ ਪਾਵਨ ਅਸਥਾਨ ਮੁਹੱਲਾ ਚੌਮਾਲਾ, ਅੰਦਰੂਨ ਭਾਟੀ ਦਰਵਾਜ਼ੇ ਵਿੱਚ ਹੈ। ਇਥੇ ਸਤਿਗੁਰੂ ਜੀ ਨੇ ਭਾਈ ਜੀਵਨ ਦੇ ਘਰ ਨਿਵਾਸ ਕੀਤਾ। ਇੱਥੇ ਗੁਰੂ ਸਾਹਿਬ ਨੇ ਕਈ ਵਾਰ ਦੀਵਾਨ ਲਗਾਇਆ। ਪ੍ਰੇਮੀਆਂ ਨੂੰ ਅੰਮ੍ਰਿਤ ਬਚਨਾਂ ਨਾਲ ਨਿਹਾਲ ਕੀਤਾ। ਭਾਈ ਬਿਧੀ ਚੰਦ ਜੀ ਜਦ ਗੁਰੂ ਜੀ ਦੇ ਘੋੜੇ ਲੈਣ ਲਾਹੌਰ ਆਏ ਤਾਂ ਉਹ ਵੀ ਇੱਥੇ ਹੀ ਠਹਿਰੇ। ਇਸ ਮਕਾਨ ਨੂੰ ਭਾਈ ਜੀਵਨ ਨੇ ਗੁਰਦੁਆਰਾ ਬਣਾ ਦਿੱਤਾ। ਇਸ ਦਾ ਪਹਿਲਾ ਪ੍ਰਬੰਧ ਮਹੰਤਾਂ ਪਾਸ ਸੀ। ੧੯੧੫ ਵਿੱਚ ਗੁਰਦੁਆਰਾ ਸਾਹਿਬ ਦੇ ਹਾਲ ਦਾ ਵਿਸਥਾਰ ਕੀਤਾ ਗਿਆ। ਮਹੰਤ ਹਰੀ ਸਿੰਘ ਤੋਂ ਗੁਰਦੁਆਰੇ ਦਾ ਪ੍ਰਬੰਧ ਸੰਗਤਾਂ ਨੇ ਆਪਣੇ ਹੱਥ ਵਿੱਚ ਲੈ ਲਿਆ। ਪਹਿਲਾਂ ਲੋਕਲ ਕਮੇਟੀ ਬਣੀ, ਫਿਰ ੧੯੨੭ ਤੋਂ ੧੯੪੭ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਰਿਹਾ, ਹੁਣ ਮਹਿਕਮਾ ਔਕਾਫ ਕੋਲ ਹੈ।

ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਸ਼ਰਧਾਲੂਆਂ ਦੇ ਠਹਿਰਨ ਵਾਸਤੇ ਅਨੇਕਾਂ ਮਕਾਨ ਸਨ। ਗੁਰਦੁਆਰੇ ਦੇ ਨਾਲ ਇੱਕ ਮਕਾਨ ਭਾਟੀ ਦਰਵਾਜ਼ੇ ਤੇ ੮੭ ਘੁਮਾਉਂ ਜ਼ਮੀਨ ਪਿੰਡ ਖੁਦਪੁਰ ਤਹਿਸੀਲ ਲਾਹੌਰ ਵਿੱਚ ਹੈ। ਬਸੰਤ ਪੰਚਮੀ ਨੂੰ ਮੇਲਾ ਹੁੰਦਾ ਸੀ। ਇਸ ਵੇਲੇ ਗੁਰਦੁਆਰਾ

ਸਾਹਿਬ ਦਾ ਨਾਂ ਨਿਸ਼ਾਨ ਮਿਟ ਚੁੱਕਿਆ ਹੈ। ਇਸ ਅਸਥਾਨ ਉੱਤੇ ਲੋਕਾਂ ਨੇ ਤਿੰਨ ਤਿੰਨ ਮੰਜ਼ਲੇ ਮਕਾਨ ਛੱਤ ਲਏ ਹਨ। ਇਤਿਹਾਸ ਦਾ ਇੱਕ ਪੰਨਾ ਮਨਮੁੱਖਾਂ ਨੇ ਚੱਟ ਲਿਆ ਹੈ।

**ਗੁਰਦੁਆਰਾ ਪਾਤਸ਼ਾਹੀ ਛੇਵੀਂ, ਮਜੰਗ, ਲਾਹੌਰ** - ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੧੯ ਈ ਨੂੰ ਦੀਵਾਨ ਚੰਦੂ ਨੂੰ ਨਾਲ ਲੈ ਕੇ ਲਾਹੌਰ ਆਏ। ਇੱਥੋਂ ਹੀ ਆਪ ਨੇ ਗੁਰੂ ਘਰ ਦੀ ਪ੍ਰੇਮੀ ਬੀਬੀ ਕੌਲਾਂ ਨੂੰ ਆਪਣੇ ਘੋੜੇ ’ਤੇ ਸਵਾਰ ਕੀਤਾ।

**ਗੁਰਦੁਆਰਾ ਸ਼ਿਕਾਰਗੜ੍ਹ ਸਾਹਿਬ, ਕਾਛਾ ਜ਼ਿਲ੍ਹਾ ਲਾਹੌਰ** - ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਲਾਹੌਰ ਫੇਰੀ ਨਾਲ ਸਬੰਧਤ ਇਹ ਪਾਵਨ ਅਸਥਾਨ ਲਾਹੌਰ ਤੋਂ ਕੋਈ ੧੫ ਕਿਲੋਮੀਟਰ ਦੀ ਦੂਰੀ ਉੱਤੇ ਹੈ। ਫਿਰੋਜ਼ਪੁਰ ਰੋਡ ਉੱਤੇ ਪ੍ਰਸਿੱਧ ਬੱਸ ਸਟਾਪ ਕਾਹਨਾ ਤੋਂ ਕੋਈ ਚਾਰ ਕਿਲੋਮੀਟਰ ਪੱਛਮ ਵੱਲ ਹੈ। ਰੇਲਵੇ ਸਟੇਸ਼ਨ ਕਾਛਾ ਹੈ, ਜੋ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹੈ।

ਇਸ ਪਿੰਡ ਵਿੱਚ ਇੱਕ ਟਿੱਬੇ ਉੱਤੇ ਇਹ ਪਾਵਨ ਅਸਥਾਨ ਹੈ। ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ ਵੀ ਆਖਿਆ ਜਾਂਦਾ ਹੈ। ਛੇਵੇਂ ਪਾਤਿਸ਼ਾਹ ਜੀ ਨੇ ਇਥੇ ਸ਼ਿਕਾਰ ਖੇਡਿਆ। ਉਸ ਵੇਲੇ ਇੱਥੇ ਭਾਰੀ ਜੰਗਲ ਸੀ। ਇਸ ਪਿੰਡ ਤੋਂ ਬਾਹਰ ਗੁਰਦੁਆਰਾ ਸਾਹਿਬ ਵਾਲੀ ਗਲੀ ਸਾਹਮਣੇ ਇੱਕ ਵਿਸ਼ਾਲ ਤਾਲ ਹੈ। ਇਹ ਤਾਲ ਦੀਵਾਨ ਲਖਪਤ ਦਾ ਬਣਵਾਇਆ ਹੋਇਆ ਹੈ। ਹੁਣ ਇਹ ਮੱਛੀਪਾਲ ਮਹਿਕਮੇ ਕੋਲ ਹੈ। ਇਸ ਪਾਵਨ ਅਸਥਾਨ ਉੱਤੇ ਭਾਈ ਮੱਲ ਜੀ ਨੇ ਅੰਗਰੇਜ਼ਾਂ ਦਾ ਰਾਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦਾ ਪ੍ਰਕਾਸ਼ ਕੀਤਾ। ਪਿੱਛੋਂ ਇਹ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧ ਹੇਠ ਆ ਗਿਆ। ਕਮੇਟੀ ਨੇ ਏਥੇ ਬੱਚਿਆਂ ਦੀ ਉੱਚੀ ਵਿਦਿਆ ਲਈ ਇੱਕ ਕਾਲਜ ਬਣਾਉਣ ਦਾ ਪ੍ਰੋਗਰਾਮ ਬਣਾਇਆ ਜੋ ਅਧੂਰਾ ਰਹਿ ਗਿਆ।

ਇੱਕ ਸਾਲ ਪਹਿਲਾਂ ਇਸ ਪਾਵਨ ਅਸਥਾਨ ਦਾ ਡਿੱਗਾ ਹੋਇਆ ਢਾਂਚਾ ਖਲੋਤਾ ਸੀ। ਹੁਣ ਉਹ ਵੀ ਮੁੱਕ ਗਿਆ ਹੈ। ਇਸ ਜਗ੍ਹਾ ਉੱਤੇ ਇੱਕ ਮੇਉ ਨੇ ਆਪਣੀ ਹਵੇਲੀ ਬਣਾ ਲਈ ਹੈ। ਗੁਰਦੁਆਰਾ ਸਾਹਿਬ ਦੇ ਰਿਹਾਇਸ਼ੀ ਕਮਰੇ, ਇੱਕ ਖੂਹ ਅਤੇ ਲੰਗਰ ਹਾਲ ਮੌਜੂਦ ਹੈ। ਇਨ੍ਹਾਂ ਇਮਾਰਤਾਂ ਵਿੱਚ ਲੋਕ ਵਸੇ ਹੋਏ ਹਨ।

**ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਰਾਮਪੁਰ ਕਲਾਂ, ਲਾਹੌਰ** - ਰਾਮਪੁਰ ਕਲਾਂ ਨਾਮੀ ਇਹ ਪਿੰਡ ਲਾਹੌਰ ਅੰਮ੍ਰਿਤਸਰ ਰੋਡ ਉੱਤੇ ਆਬਾਦ ਹੈ। ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਸੀ। ਗੁਰੂ ਸਾਹਿਬ ਖਰਕ ਜਾਂਦੇ ਹੋਏ ਇਸ ਥਾਂ ਬਿਰਾਜੇ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਸੀ, ਹੁਣ ਅਲੋਪ ਹੋ ਚੁੱਕਿਆ ਹੈ। ਹੁਣ ਇਸ ਅੰਦਰ ਗੁੱਜਰਾਂ ਦੇ ਘਰ ਵਸੇ ਹੋਏ ਹਨ।

**ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਮਿਨਹਾਲਾ, ਜ਼ਿਲ੍ਹਾ ਲਾਹੌਰ** - ਮਿਨਹਾਲਾ ਨਾਮੀ ਇਹ ਪਿੰਡ ਥਾਣਾ ਬਰਕੀ ਜ਼ਿਲ੍ਹਾ ਲਾਹੌਰ ਵਿੱਚ ਹੈ। ਇਸ ਪਿੰਡ ਨੂੰ ਜਾਣ ਵਾਸਤੇ ਜੱਲੋ ਮੋੜ ਤੋਂ ਇੱਕ ਸੜਕ ਨਿਕਲਦੀ ਹੈ। ਵੈਗਨਾਂ ਤੇ ਟਾਂਗੇ ਆਮ ਮਿਲ ਜਾਂਦੇ ਹਨ। ਇਸ ਨਗਰ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪਾਵਨ ਅਸਥਾਨ ਹੈ। ਗੁਰਦੁਆਰਾ ਸਾਹਿਬ ਪਿੰਡ ਵਿੱਚ ਵੜਦਿਆਂ ਹੀ ਸੱਜੇ ਹੱਥ ਉੱਤੇ ਇੱਕ ਵਿਸ਼ਾਲ ਛੱਪੜ ਕਿਨਾਰੇ ਹੈ। ਇਹ ਛੱਪੜ ਕਦੇ ਗੁਰਦੁਆਰਾ ਸਾਹਿਬ ਦਾ ਸਰੋਵਰ ਸੀ। ਇਮਾਰਤ ਗਿਰ ਚੁੱਕੀ ਹੈ। ਕੇਵਲ ਇੱਕ ਬੁਰਜ ਹੀ ਖਲੋਤਾ ਹੈ। ਇਹ ਵੀ ਕਿਸੇ ਵੇਲੇ ਅਲੋਪ ਹੋ ਸਕਦਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਜੀ

ਪ੍ਰੋ. ਨਿਰੰਜਨ ਸਿੰਘ ਢੇਸੀ



ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਇਹ ਗੱਲ ਬੜੀ ਪ੍ਰਸਿੱਧ ਹੈ ਕਿ ਉਨ੍ਹਾਂ ਨੇ ਜਹਾਂਗੀਰੀ ਜ਼ੁਲਮ ਨੂੰ ਰੱਬ ਦਾ ਭਾਣਾ ਸਮਝ ਕੇ ਮੰਨ ਲਿਆ। ਆਖਿਆ – ਤੇਰਾ ਭਾਣਾ ਮੀਠਾ ਲਾਗੇ...। ਪਰ ਇਸ ਦੇ ਉਲਟ ਕੁਝ ਇਤਿਹਾਸਕ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਗੁਰੂ ਜੀ ਦੇ ਦਿਲ ਦੀਆਂ ਤਹਿਆਂ ਵਿਚੋਂ ਰੋਹ ਅਤੇ ਰੋਸ ਦੀ ਭਾਵਨਾ ਵੀ ਉਤਪੰਨ ਹੋ ਰਹੀ ਸੀ।

ਗੁਰੂ ਜੀ ਨੂੰ ਆਪਣੀ ਸ਼ਹੀਦੀ ਦਾ ਨਿਸ਼ਚਾ ਹੋ ਗਿਆ ਸੀ। ਆਪਣੇ ਸਾਥੀ ਸਿੱਖਾਂ ਨੂੰ ਵਾਪਸ ਅੰਮ੍ਰਿਤਸਰ ਭੇਜਦਿਆਂ ਉਨ੍ਹਾਂ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਨੂੰ ਸੰਦੇਸ਼ ਦਿੱਤਾ, ਹਰਿਗੋਬਿੰਦ ਨੂੰ ਮੇਰੇ ਵੱਲੋਂ ਪੂਰੀ ਤਸੱਲੀ ਦੇਣੀ। ਆਖਣਾ–ਸੋਗ ਨਾ ਮਨਾਵੇ। ਕਾਇਰਾਂ ਵਾਂਗ ਆਹੋ–ਪੁਕਾਰ ਨਾ ਕਰੇ। ਵਾਹਿਗੁਰੂ ਦਾ ਨਾਮ ਜਪੇ...ਅਤੇ ਗੁਰ–ਗੱਦੀ 'ਤੇ ਪੂਰਾ ਸ਼ਸਤਰਬੱਧ ਹੋ ਕੇ ਬੈਠੇ ਤੇ ਜਿੰਨੀ ਫੌਜ ਰੱਖ ਸਕਦਾ ਹੈ, ਰੱਖੇ।

ਭਾਈ ਮਨੀ ਸਿੰਘ ਰਚਿਤ ਸਿੱਖਾਂ ਦੀ ਭਗਤਮਾਲਾ ਵਿਚ ਜ਼ਿਕਰ ਆਉਂਦਾ ਹੈ ਕਿ ਭਾਈ ਸੀਗਾਰੂ ਤੇ ਭਾਈ ਜੈਤਾ ਬੜੇ ਸੂਰਬੀਰ ਸਨ। ਉਹ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਸਾਹਿਬਜ਼ਾਦਾ ਹਰਿਗੋਬਿੰਦ ਜੀ ਕੋਲ ਭੇਜ ਦਿੱਤਾ। ਬਚਨ ਹੋਇਆ– ਅਸਾਂ ਜੋ ਸ਼ਸ਼ਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰਿ ਕਰ ਪਕੜਨੇ ਹੈਨਿ। ਸਮਾਂ ਕਲਿਜੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰ, ਮੀਰ ਦੀ ਮੀਰੀ ਖਿਚ ਲੈਣੀ ਤੇ ਸ਼ਬਦ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ। (ਸਾਖੀ ੯੩)

ਇੰਜ ਗੁਰੂ ਅਰਜਨ ਦੇਵ ਜੀ ਨੇ ਭਾਣਾ ਮੰਨਣ ਦੇ ਨਾਲ–ਨਾਲ ਆਪਣੇ ਉੱਤਰ ਅਧਿਕਾਰੀ ਦੀ ਭਵਿੱਖ–ਨੀਤੀ ਦੇ ਪੂਰਨੇ ਵੀ ਪਾ ਦਿੱਤੇ : ਜੇ ਮੁਗਲ ਸਰਕਾਰ ਦਾ ਦਿਲ ਸ਼ਹੀਦੀ ਖ਼ੂਨ ਨਾਲ ਵੀ ਨਾ ਪਿਘਲੇ ਤਾਂ ਉਸ ਦੇ ਅੱਤਿਆਚਾਰਾਂ ਦਾ ਮੁਕਾਬਲਾ ਮਰਦਾਂ ਵਾਂਗ ਸ਼ਸਤਰਾਂ ਨਾਲ ਕੀਤਾ ਜਾਵੇ।

ਆਪਣੇ ਗੁਰੂ–ਪਿਤਾ ਦੇ ਆਖਰੀ ਸੰਦੇਸ਼ ਉੱਤੇ ਅਮਲ ਕਰਦਿਆਂ ਗੁਰੂ ਹਰਿਗੋਬਿੰਦ ਜੀ ਨੇ ਗੁਰ–ਗੱਦੀ ਧਾਰਨ ਕਰਨ ਸਮੇਂ ਰਵਾਇਤੀ ਵਸਤਾਂ ਸੇਲੀ ਟੋਪੀ ਆਦਿ ਤੋਸ਼ੇਖਾਨੇ ਵਿਚ ਰੱਖਵਾ ਦਿੱਤੀਆਂ ਤੇ ਆਖਿਆ, ਹੁਣ ਸਮਾਂ ਬਦਲ ਗਿਆ ਹੈ। ਮੈਂ ਮੀਰੀ–ਪੀਰੀ ਦੀਆਂ ਦੋ ਤਲਵਾਰਾਂ ਪਹਿਨਾਂਗਾ ਤੇ ਮੰਜੀ ਦੀ ਥਾਂ, ਤਖ਼ਤ 'ਤੇ ਬੈਠਾਂਗਾ।" 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਕ੍ਰਿਤ ਕਵਿ ਸੋਹਨ ਅਨੁਸਾਰ ਅਕਾਲ ਤਖ਼ਤ ਦੀ ਰਚਨਾ ਕਰਨ ਦੀ ਪ੍ਰੇਰਨਾ ਆਪ ਅਕਾਲ ਪੁਰਖ ਨੇ ਦਿੱਤੀ :

**ਪ੍ਰਿਥਮੈ ਇਹ ਥਾਂ ਤਖ਼ਤ ਸਵਾਰੋ।**
**ਮੀਰੀ-ਪੀਰੀ ਅਸਿ ਦੋ ਧਾਰੋ ॥੩੫੩॥**
**ਤਖ਼ਤ ਅਕਾਲ ਨਾਮ ਤਿੰਹ ਕੀਜੈ।**
**ਤਾਂਹਿ ਬੈਠ ਪਿਤਾ ਬਦਲਾ ਲੀਜੈ ॥੩੫੬॥**
**ਮੀਰੀ-ਪੀਰੀ ਦੋਊ ਧਾਰੋ।**
**ਧਰਾ ਭਾਰ ਸਭ ਦੂਰ ਨਿਵਾਰੋ ॥੩੫੭॥** **(ਅਧਆਇ ਸਤਵਾਂ)**

ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ ਸਾਹਮਣੇ ਅਕਾਲ ਤਖ਼ਤ ਦੀ ਸਿਰਜਨਾ ਕੀਤੀ। ਇਸ ਦੀ ਨੀਂਹ ਗੁਰੂ ਜੀ ਨੇ ਆਪਣੇ ਹੱਥੀਂ ਰੱਖੀ। ਕੋਈ ਰਾਜ ਮਜ਼ਦੂਰ ਨਹੀਂ ਲਾਇਆ; ਸਿਰਫ ਭਾਈ ਗੁਰਦਾਸ ਤੇ ਬਾਬਾ ਬੁੱਢਾ ਹੀ ਗੁਰੂ ਜੀ ਦੇ ਸਹਾਇਕ ਸਨ :

**ਗੁਰਦਾਸ ਬੁੱਢੇ ਕੋ ਲੈ ਨਿਜ ਸਾਥ।**
**ਤਖ਼ਤ ਅਰੰਭ ਕਰ ਦੀਨਾ ਨਾਥ ॥੩੬॥...**
**ਕਰ ਅਰਦਾਸ ਸ੍ਰੀ ਸਤਿਗੁਰੂ ਪੁਨ ਪ੍ਰਸਾਦਿ ਵਰਤਾਇ।**
**ਪ੍ਰਿਥਮ ਨੀਂਵ ਸ੍ਰੀ ਗੁਰੂ ਰਖੀ ਅਬਚਲ ਤਖ਼ਤ ਸੁਹਾਇ ॥੩੮॥**
**ਕਿਸੀ ਰਾਜ ਨਹਿੰ ਹਾਥ ਲਗਾਯੋ।**
**ਬੁੱਢੇ ਔ ਗੁਰਦਾਸ ਬਨਾਯੋ ॥੩੯॥**
**ਇਹ ਬਿਧ ਤਖ਼ਤ ਬਨਾਇਓ**
**ਸ੍ਰੀ ਗੁਰੁ ਅਪਨੈ ਹਾਥ।**
**ਜਨੁ ਜਹਾਜ ਜਗੁ ਤਰਨ ਕੋ**
**ਰਚਯੋ ਸੁ ਦੀਨਾ ਨਾਥ ॥੪੧॥**

**(ਗੁਰ ਬਿਲਾਸ ਪਾਤਸ਼ਾਹੀ ਛੇਵੀਂ)**

ਸ੍ਰੀ ਹਰਿਮੰਦਰ ਸਾਹਿਬ ਭਗਤੀ ਦਾ ਅਸਥਾਨ ਹੈ ਪਰ ਅਕਾਲ ਤਖ਼ਤ ਸੰਸਾਰਕ ਤੇ ਰਾਜਸੀ ਸ਼ਕਤੀ ਦਾ ਕੇਂਦਰ ਹੈ। ਗੁਰੂ ਜੀ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਦਸਤਾਰ 'ਤੇ ਸੁੰਦਰ ਕਲਗੀ ਸਜਾ ਕੇ ਇਸ ਤਖ਼ਤ 'ਤੇ ਬਿਰਾਜਮਾਨ ਹੋਏ। ਅਬਦੁੱਲਾ ਨੇ ਨੱਥ ਮੱਲ ਢਾਡੀਆਂ ਨੂੰ ਬੁਲਾ ਲਿਆ। ਉਨ੍ਹਾਂ ਨੇ ਗੁਰੂ-ਘਰ ਦੀ ਮਹਿਮਾ ਦੀਆਂ ਤੇ ਹੋਰ ਬੀਰ-ਰਸ ਦੀਆਂ ਵਾਰਾਂ ਗਾਈਆਂ। ਸੰਗਤਾਂ ਨੂੰ ਹੁਕਮ ਹੋਇਆ ਕਿ ਚੰਗੇ-ਚੰਗੇ ਸ਼ਸਤਰ ਤੇ ਘੋੜੇ ਭੇਟਾ ਦੇ ਤੌਰ 'ਤੇ ਚੜ੍ਹਾਏ ਜਾਣ।

ਸੰਗਤਾਂ ਨੇ ਆਗਿਆ ਦਾ ਪਾਲਨ ਕਰਦੇ ਹੋਏ ਬੇਸ਼ੁਮਾਰ ਧਨ, ਸ਼ਸਤਰ ਅਤੇ ਘੋੜੇ ਗੁਰੂ ਜੀ ਨੂੰ ਅਰਪਨ ਕੀਤੇ। ਇਸੇ ਸਮੇਂ ਗਰੀਬ ਸਿੱਖਾਂ ਦੀ ਇਕ ਵੱਡੀ ਭੀੜ ਉਥੇ ਇਕੱਠੀ ਹੋ ਗਈ। ਗੁਰੂ ਜੀ ਨੇ ਇਕ ਸਿੱਖ ਉਨ੍ਹਾਂ ਵੱਲ ਭੇਜ ਕੇ ਪੁੱਛਿਆ, ਭਾਈ, ਤੁਸੀਂ ਕਿਵੇਂ ਆਏ ਹੋ? ਉਨ੍ਹਾਂ ਬੇਨਤੀ ਕੀਤੀ, ਸਾਡੇ ਕੋਲ ਧਨ, ਸ਼ਸਤਰ ਜਾਂ ਘੋੜੇ ਨਹੀਂ ਹਨ। ਅਸੀਂ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸੀਸ ਭੇਟਾ ਕਰਨ ਆਏ ਹਾਂ।

**ਛੀਂਪਿ ਝੀਵਰ ਔਰ ਤਖਾਨ।**
**ਨਾਈ ਗ੍ਰਹ ਉਤਰੇ ਸਭ ਆਣ।...**
**ਸਿਖ ਕੋ ਕਹਾ ਪੂਛ ਇਨ ਜਾਏ।**
**ਕੌਨ ਦੇਸ਼ ਕਿਹ ਕਾਰਨ ਆਏ ॥੬੩॥**
**ਸਭ ਤਿਹ ਸਿਖ ਕੋ ਐਸ ਅਲਾਵੈਂ।**
**ਨਹਿੰ ਢਿਗ ਦਰਬ ਜੋ ਪੂਜ ਚੜ੍ਹਾਵੈਂ।**
**ਹਮ ਅਨਾਥ ਸਿਰ ਭੇਟਾ ਕੀਨੇ।**
**ਦਯਾ ਸਿੰਧ ਕੌ ਯੌ ਕਹਿ ਦੀਨੇ ॥੭੦॥**

**(ਗੁਰ ਬਿਲਾਸ ਪਾਤਸ਼ਾਹੀ ਛੇਵੀਂ)**

ਗੁਰੂ ਜੀ ਨੇ ਪਿਆਰ ਨਾਲ ਸਾਰਿਆਂ ਨੂੰ ਆਪਣੇ ਕੋਲ ਬੁਲਾ ਲਿਆ। ਉਨ੍ਹਾਂ ਦੀ ਸੀਸ-ਭੇਟਾ ਪ੍ਰਵਾਨ ਕਰਦਿਆਂ ਆਪਣੀ ਫੌਜ ਵਿਚ ਰੱਖ ਲਿਆ। ਸਭ ਨੂੰ ਸ਼ਸਤਰ ਅਤੇ ਘੋੜੇ ਆਪਣੇ ਕੋਲੋਂ ਦਿੱਤੇ। ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਣਾ ਤੇ ਭਾਈ ਜੇਠਾ ਨੂੰ ਸੈਨਾਪਤੀ ਥਾਪ ਕੇ ਸੌ-ਸੌ ਸਿੱਖ ਉਨ੍ਹਾਂ ਨੂੰ ਵੰਡ ਦਿੱਤੇ। ਇੰਜ ਸੂਰਮਿਆਂ ਦੀ ਮੁੱਢਲੀ ਫੌਜ ਤਿਆਰ ਹੋ ਗਈ:

**ਬਿਧੀਆ ਪੈੜਾ ਔਰ ਪਿਰਾਣਾ।**
**ਚੌਥਾ ਜੇਠਾ ਕਹੋ ਬਖਾਣਾ।**
**ਸਹਸ-ਸਹਸ ਤਾਬਿਆ ਇਨ ਦੀਏ।**
**ਚਾਰੋਂ ਸਿੱਖ ਸੈਨਾਪਤਿ ਕੀਏ ॥੭੬॥**

**(ਗੁਰੂ ਬਿਲਾਸ ਪਾਤਸ਼ਾਹੀ ਛੇਵੀਂ)**

ਇੰਜ ਪੂਰੇ ਲਾਉ-ਲਸ਼ਕਰ ਨਾਲ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਨੂੰ ਸੁਸ਼ੋਭਿਤ ਕੀਤਾ। ਅਕਾਲ ਤਖ਼ਤ ਧਾਰਮਿਕ, ਸਮਾਜਿਕ, ਜਥੇਬੰਦਕ ਤੇ ਰਾਜਸੀ ਸੋਚ-ਵਿਚਾਰ ਦਾ ਕੇਂਦਰ ਬਣਿਆ। ਇਸ ਦਾ ਉਦੇਸ਼ ਔਤਿਆਚਾਰੀਆਂ ਤੇ ਅਨਿਆਂਕਾਰੀਆਂ ਨੂੰ ਸਿੱਧੇ ਰਾਹ ਪਾਉਣਾ ਸੀ। ਗੁਰੂ ਹਰਿਗੋਬਿੰਦ, ਜਦੋਂ ਆਪਣੇ ਸ਼ਹੀਦ ਪਿਤਾ ਦੇ ਅੰਤਿਮ ਸੰਦੇਸ਼ ਵਿਚ ਢਲ ਕੇ ਅਕਾਲ ਤਖ਼ਤ 'ਤੇ ਬਿਰਾਜਮਾਨ ਹੋਏ ਤਾਂ ਭਾਈ ਗੁਰਦਾਸ ਦੀ ਕਲਮ ਬੋਲ ਉੱਠੀ :

**ਪੰਜਿ ਪਿਆਲੇ ਪੰਜਿ ਪੀਰ**
**ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨੁ ਕਾਇਆ ਪਲਟਿ ਕੈ**
**ਮੂਰਤਿ ਹਰਿਗੋਬਿੰਦ ਸਵਾਰੀ।...**
**ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**

**(ਵਾਰ ਪਹਿਲੀ)**

ਸਵੇਰੇ ਸ਼ਾਮ ਅਕਾਲ ਤਖ਼ਤ 'ਤੇ ਦੀਵਾਨ ਸੱਜਣ ਲੱਗੇ। ਸੂਰਮਿਆਂ ਦੀਆਂ ਵਾਰਾਂ ਸੁਣ ਕੇ ਸਿੱਖਾਂ ਦਾ ਮਨੋ-ਬਲ ਉੱਚਾ ਹੋਣ ਲੱਗਾ। ਕੁਸ਼ਤੀਆਂ ਤੇ ਹਥਿਆਰਾਂ ਦੀ ਸਿਖਲਾਈ ਸ਼ੁਰੂ ਹੋ ਗਈ। ਗੁਰੂ ਜੀ ਤਖ਼ਤ ਉੱਤੇ ਪਾਤਸ਼ਾਹਾਂ ਵਾਂਗ ਬੈਠਦੇ ਤੇ ਸਿੱਖਾਂ ਦੀ ਅਗਵਾਈ ਕਰਦੇ। ਚਾਰ ਵਾਰ ਸ਼ਾਹ ਜਹਾਨ ਦੀ ਫੌਜ ਨਾਲ ਟੱਕਰ ਹੋਈ। ਹਰ ਵਾਰ ਮੁਗਲ ਫੌਜ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਗੁਰੂ ਹਰਿਗੋਬਿੰਦ ਜੀ ਤੋਂ ਬਾਅਦ, ਅੱਜ ਤੱਕ ਅਨੇਕਾਂ ਵਾਰ ਖਾਲਸਾ ਪੰਥ ਨੇ ਅਕਾਲ ਤਖ਼ਤ 'ਤੇ ਇਕੱਠੇ ਹੋ ਕੇ ਇਤਿਹਾਸਕ ਗੁਰਮਤੇ ਪਾਸ ਕੀਤੇ। ਫਲਸਰੂਪ ਹਿੰਦੂ ਧਰਮ ਦਾ ਮੁਗ਼ਲ ਔਤਿਆਚਾਰਾਂ ਤੋਂ ਬਚਾਅ ਹੋਇਆ ਤੇ ਸਿੱਖ ਪੰਥ ਨੂੰ ਦਿਨ-ਪ੍ਰਤੀ-ਦਿਨ ਚੜ੍ਹਦੀ ਕਲਾ ਪ੍ਰਾਪਤ ਹੋਈ। ਕੁਝ ਚੋਣਵੇਂ ਗੁਰਮਤਿਆਂ ਤੇ ਹੁਕਮਨਾਮਿਆਂ ਦਾ ਹੇਠਾਂ ਜ਼ਿਕਰ ਕੀਤਾ ਜਾਂਦਾ ਹੈ।

ਸੰਨ ੧੭੩੩ ਵਿੱਚ ਸੂਬੇਦਾਰ ਲਾਹੌਰ ਨੇ ਸਿੱਖਾਂ ਨਾਲ ਚੰਗੇ ਸਬੰਧ ਕਾਇਮ ਕਰਨ ਲਈ ਇਕ ਲੱਖ ਦੀ ਜਗੀਰ ਤੇ ਕੀਮਤੀ ਖਿਲਿਅਤ ਅੰਮ੍ਰਿਤਸਰ ਭੇਜੀ। ਇਹ ਪੇਸ਼ਕਸ਼ ਅਕਾਲ ਤਖ਼ਤ ਵਿਖੇ ਸਜੇ ਦੀਵਾਨ ਵਿਚ ਪ੍ਰਵਾਨ ਕੀਤੀ ਗਈ। ੧੭੩੪ ਈ: ਵਿਚ ਪੰਥ ਨੂੰ ਬੁੱਢਾ ਦਲ ਤੇ ਤਰਨਾ ਦਲ ਵਿਚ ਵੰਡਣ ਦਾ ਫੈਸਲਾ ਅਕਾਲ ਤਖ਼ਤ ਤੇ ਹੀ ਕੀਤਾ ਗਿਆ। ਸੰਨ ੧੭੪੮

ਵਿਚ ਅਕਾਲ ਤਖ਼ਤ 'ਤੇ ਸਜੇ ਵੈਸਾਖੀ ਦੇ ਦੀਵਾਨ ਵਿਚ ਖਾਲਸਾ ਦਲ ਨੂੰ ੧੨ ਮਿਸਲਾਂ ਵਿਚ ਵੰਡਿਆ ਗਿਆ। ਕਸੂਰ ਦੇ ਨਵਾਬ ਉਸਮਾਨ ਖਾਨ ਨੇ ਇਕ ਬ੍ਰਾਹਮਣ ਦੀ ਪਤਨੀ ਨੂੰ ਜ਼ਬਰਦਸਤੀ ਆਪਣੇ ਹਰਮ ਵਿਚ ਪਾ ਲਿਆ। ਅਪ੍ਰੈਲ ੧੭੬੩ ਵਿਚ ਅਕਾਲ ਤਖ਼ਤ 'ਤੇ ਇਕੱਤਰ ਹੋਏ ਖਾਲਸਾ ਦਲ ਨੇ ਕਸੂਰ ਉੱਤੇ ਚੜ੍ਹਾਈ ਕਰਨ ਦਾ ਗੁਰਮਤਾ ਸੋਧਿਆ। ਇਸੇ ਸਾਲ ਨਵੰਬਰ ਵਿਚ ਮਲੇਰਕੋਟਲੇ ਉੱਤੇ ਧਾਵਾ ਬੋਲਣ ਦਾ ਗੁਰਮਤਾ ਪਾਸ ਹੋਇਆ ਤੇ ਨਾਲ ਹੀ ਜਨਵਰੀ ੧੭੬੪ ਵਿਚ ਸਰਹਿੰਦ ਨੂੰ ਦੂਜੀ ਵਾਰ ਜਿੱਤਿਆ ਗਿਆ। ੧੭੬੨ ਈਃ ਵਿਚ ਅਬਦਾਲੀ ਨੇ ਦਰਬਾਰ ਸਾਹਿਬ ਨੂੰ ਢਾਹ-ਢੇਰੀ ਕਰਕੇ ਸਰੋਵਰ ਨੂੰ ਪੂਰ ਦਿੱਤਾ ਸੀ। ੧੭੬੫ ਦੀ ਵੈਸਾਖੀ ਦੇ ਦੀਵਾਨ ਵਿਚ ਹਰਿਮੰਦਰ ਤੇ ਅਕਾਲ ਤਖ਼ਤ ਦੀ ਮੁੜ-ਉਸਾਰੀ ਦਾ ਫੈਸਲਾ ਕੀਤਾ ਗਿਆ। ਪੰਥ ਦੇ ਐਸੇ ਫੈਸਲਿਆਂ ਬਾਰੇ 'ਪੰਥ-ਪ੍ਰਕਾਸ਼' ਵਿਚ ਰਤਨ ਸਿੰਘ ਭੰਗੂ ਨੇ ਲਿਖਿਆ ਹੈ:

**ਅਕਾਲ ਬੁੰਗੇ ਚੜ੍ਹ ਤਖਤੈ ਬਹਿ ਹੈਂ।**
**ਲਾਇ ਦੀਵਾਨ ਗੁਰਮਤੇ ਮਤੈ ਹੈਂ।**

ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਅਕਾਲੀ ਮੋਰਚਿਆਂ ਲਈ ਸ਼ਹੀਦੀ ਜਥੇ ਅਕਾਲ ਤਖ਼ਤ ਤੋਂ ਹੀ ਤੋਰੇ ਜਾਂਦੇ ਸਨ।

ਮਹੱਤਵਪੂਰਨ ਰਾਜਸੀ ਗੁਰਮਤਿਆਂ ਦੇ ਇਲਾਵਾ, ਸਿੱਖੀ ਚਲਨ ਦੀ ਉਲੰਘਣਾ ਕਰਨ ਵਾਲੇ ਛੋਟੇ-ਵੱਡੇ ਵਿਅਕਤੀਆਂ ਨੂੰ ਅਕਾਲ ਤਖ਼ਤ ਤੋਂ ਦੰਡ ਦੇਣ ਦੀ ਪ੍ਰਥਾ ਵੀ ਪ੍ਰਚਲਿਤ ਹੈ। ਸਿੱਖ ਰਾਜ ਸਮੇਂ, ਲਗਭਗ ੧੮੨੦ ਈਃ ਵਿਚ ਇਸੇ ਅਸਥਾਨ 'ਤੇ ਭਰੇ ਦਰਬਾਰ ਵਿਚ ਅਕਾਲੀ ਫੂਲਾ ਸਿੰਘ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਅਵੱਗਿਆ ਕਾਰਨ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਗਈ, ਜੋ ਮਹਾਰਾਜੇ ਨੇ ਨਿਮਰਤਾ ਸਹਿਤ ਪ੍ਰਵਾਨ ਕਰ ਲਈ।

ਸੰਨ ੧੮੭੮ ਵਿਚ ਸਿੰਘ ਸਭਾ ਲਹਿਰ ਨੂੰ ਕਾਮਯਾਬ ਬਣਾਉਣ ਲਈ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋਇਆ। 1936 ਵਿਚ ਸਿੱਖ ਪੰਥ ਵਿਚ ਜਾਤ-ਪਾਤ ਵਿਰੁੱਧ, ਸੰਨ 1961 ਵਿਚ ਅਕਾਲ ਤਖ਼ਤ ਵੱਲੋਂ ਪੰਥ ਦੇ ਮੁੱਖ ਲੀਡਰਾਂ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਤੇ ਅਕਾਲੀ ਦਲ ਦੇ ਅੱਠ ਹੋਰ ਮੈਂਬਰਾਂ ਨੂੰ, ਪੰਜਾਬੀ ਸੂਬੇ ਦੀ ਪ੍ਰਾਪਤੀ ਬਾਰੇ, ਆਪਣਾ ਪ੍ਰਣ ਤੋੜਨ ਕਾਰਨ 'ਤਨਖਾਹੀਏ' ਕਰਾਰ ਦਿੱਤਾ ਗਿਆ।

ਇਨ੍ਹਾਂ ਲੀਡਰਾਂ ਨੇ ਬੜੇ ਸਤਿਕਾਰ ਤੇ ਨਿਰਮਾਣਤਾ ਨਾਲ ਆਪਣੀ-ਆਪਣੀ ਸਜ਼ਾ ਭੁਗਤੀ।

੧੯੭੮ ਵਿਚ ਨਿਰੰਕਾਰੀਆਂ ਵਿਰੁੱਧ ਹੁਕਮਨਾਮੇ ਜਾਰੀ ਕੀਤੇ ਗਏ। ਗੁਰੂ ਨਾਨਕ-ਨਾਮ-ਲੇਵਾ ਹਰ ਸਿੱਖ ਅਕਾਲ ਤਖ਼ਤ ਦੇ ਹੁਕਮਨਾਮਿਆਂ ਨੂੰ ਸਿਰ ਮੱਥੇ 'ਤੇ ਮੰਨਦਾ ਹੈ।

੧੯੨੦ ਈਃ ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਅਕਾਲ ਤਖ਼ਤ ਤੋਂ ਹੀ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਇਸੇ ਸਾਲ ਇਸੇ ਅਸਥਾਨ 'ਤੇ ਰੱਖੀ ਗਈ। ਨਵੇਂ ਪੰਥਕ ਪ੍ਰਬੰਧ ਅਧੀਨ ਅਕਾਲ ਤਖ਼ਤ ਦੇ ਪਹਿਲੇ ਜਥੇਦਾਰ ਭਾਈ ਤੇਜਾ ਸਿੰਘ ਭੁੱਚਰ ਬਣੇ। ਉਨ੍ਹਾਂ ਤੋਂ ਬਾਅਦ ਸਮੇਂ-ਸਮੇਂ ਭਾਃ ਬਿਸ਼ਨ ਸਿੰਘ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਗਿਃ ਕਰਤਾਰ ਸਿੰਘ, ਗਿਃ ਗੁਰਮੁਖ ਸਿੰਘ ਮੁਸਾਫਰ, ਬਾਬਾ ਵਿਸਾਖਾ ਸਿੰਘ ਦਦੇਹਰ, ਜਥੇਦਾਰ ਮੋਹਨ ਸਿੰਘ ਨਾਗੋਕੇ, ਗਿਃ ਪ੍ਰਤਾਪ ਸਿੰਘ, ਜਥੇਦਾਰ ਅੱਛਰ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਸਾਧੂ ਸਿੰਘ ਭੌਰਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਅਕਾਲ ਤਖ਼ਤ ਦੇ ਜਥੇਦਾਰ ਹੋਣ ਦਾ ਮਾਣ ਪ੍ਰਾਪਤ ਹੋਇਆ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਰ ਬੁੱਧਵਾਰ ਤੇ ਐਤਵਾਰ ਨੂੰ ਅੰਮ੍ਰਿਤ-ਸੰਚਾਰ ਹੁੰਦਾ ਹੈ ਤੇ ਅੰਮ੍ਰਿਤ-ਅਭਿਲਾਖੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰੂ-ਪਰਿਵਾਰ ਦੇ ਮੈਂਬਰ ਬਣਦੇ ਹਨ। ਸ੍ਰੀ ਅਕਾਲ ਤਖ਼ਤ 'ਤੇ ਗੁਰੂ ਸਾਹਿਬਾਨ ਤੇ ਹੋਰ ਸਿੱਖ ਸੂਰਬੀਰਾਂ ਦੇ ਸ਼ਸਤਰ ਸਸ਼ੋਭਤ ਹਨ। ਪਹਿਲਾਂ ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਜੀ ਆਪ ਬੈਠਿਆ ਕਰਦੇ ਸਨ।

ਸੰਨ ੧੯੪੮ ਵਿਚ ਦੇਸ਼ ਅਜੇ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਆਜ਼ਾਦੀ ਦੀ ਖੁਸ਼ੀ ਵਿਚ, ਸਿੱਖ ਪੰਥ ਦੇ ਉੱਜਲ ਭਵਿੱਖ ਨੂੰ ਮੁੱਖ ਰੱਖ ਕੇ ਦੀਵਾਲੀ ਦੇ ਅਵਸਰ 'ਤੇ ਜਥੇਦਾਰ ਅਕਾਲ ਤਖ਼ਤ ਵੱਲੋਂ ਹੇਠ ਲਿਖਿਆ ਹੁਕਮਨਾਮਾ ਜਾਰੀ ਹੋਇਆ:

ਅੰਮ੍ਰਿਤਸਰ ਦੀਪਮਾਲਾ ਦੇ ਵਾਰਸ਼ਿਕ ਇਕੱਠ ਉੱਤੇ ਦੂਰ ਨੇੜੇ ਤੋਂ ਆਈਆਂ ਸਿੱਖ ਸੰਗਤਾਂ ਦੀ ਸੇਵਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੰਦੇਸ਼:

"ਸਾਡਾ ਭਾਰਤ ਬਦੇਸ਼ੀ ਗੁਲਾਮੀ ਤੋਂ ਆਜ਼ਾਦ ਹੋ ਚੁੱਕਾ ਹੈ ਆਜ਼ਾਦੀ ਦੀ ਭੇਟਾ ਸਿੱਖ ਸੰਗਤਾਂ ਨੇ ਬਹੁਤ ਦਿੱਤੀ ਹੈ। ਆਜ਼ਾਦ ਭਾਰਤ ਵਿਚ ਅਸਾਂ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣਾ ਹੈ ਅਤੇ ਦੇਸ਼ ਨੂੰ ਤਰੱਕੀ ਦੇ ਸਿਖਰ 'ਤੇ ਪਹੁੰਚਾਣਾ ਹੈ।"

(ਗੁਰਦੁਆਰਾ ਗਜ਼ਟ, ਨਵੰਬਰ ੧੯੪੮, ਪੰ: ੬੦)

ਕਿੰਨੀ ਸੁੰਦਰ ਤੇ ਸੁਹਿਰਦ ਭਾਵਨਾ ਨਾਲ ਭਰਪੂਰ ਹੈ ਇਹ ਸੰਦੇਸ਼! ਪਰ ਆਜ਼ਾਦ ਭਾਰਤ ਵਿਚ ੫-੬ ਜੂਨ, ੧੯੮੪ ਨੂੰ ਸ੍ਰੀ ਅਕਾਲ ਤਖ਼ਤ ਨਾਲ ਜੋ ਭਾਣਾ ਵਰਤਿਆ ਹੈ, ਸ਼ਾਮ ਦੇ ਲੰਮੇ ਪਰਛਾਵੇਂ ਵਾਂਗ, ਭਾਰਤ ਅਤੇ ਪੰਜਾਬ ਉੱਤੇ ਉਸ ਦਾ ਅਸਰ, ਚਿਰਕਾਲ ਤੱਕ ਪੈਂਦਾ ਰਹੇਗਾ।

● ● ●

**ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।**

# ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਅੰਗ ੧ ॥

ਜਿਹੜਾ ਕੰਮ ਪੂਰਾ ਕਰਨ ਦੀ ਇੱਛਾ ਹੋਵੇ, ਉਸ ਲਈ ਪ੍ਰਭੂ ਕੋਲ ਬੇਨਤੀ ਕਰੀਏ। ਜਦੋਂ ਵੀ ਕੋਈ ਸਿੱਖ ਜਾਂ ਕਿਸੇ ਹੋਰ ਧਰਮ ਦਾ ਸ਼ਰਧਾਲੂ ਗੁਰਦੁਆਰੇ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਅੱਗੇ ਬੇਨਤੀ, ਅਰਦਾਸ, ਜੋਦੜੀ, ਤਰਲਾ-ਮਿੰਨਤਾਂ ਆਦਿ ਸ਼ਬਦਾਂ ਦੀ ਵਰਤੋਂ ਕਰਦਾ। ਡਾ. ਜਸਵੰਤ ਸਿੰਘ ਨੇਕੀ ਜੋ ਕਿਸੇ ਪਹਿਚਾਣ ਦੇ ਮੁਥਾਜ ਨਹੀਂ ਹੋਰਾਂ ਨੇ ਤਾਂ ਅਰਦਾਸ ਉੱਪਰ ਇਕ ਪੂਰੀ ਕਿਤਾਬ ਹੀ ਲਿਖ ਦਿੱਤੀ। ਜਿਸ ਵਿਚ ਉਹ ਜ਼ਿਕਰ ਕਰਦੇ ਕਿ ਜਿਨ੍ਹਾਂ ਨੇ ਸਿੱਖ ਅਰਦਾਸ ਦੇ ਬੋਲ ਸਿਰਜੇ ਉਹ ਕਿੰਨੀ ਕਮਾਈ ਵਾਲੇ ਲੋਕ ਹੋਣਗੇ। ਕਿਸ ਤਰ੍ਹਾਂ ਅਰਦਾਸ ਰਚਨਹਾਰਿਆਂ ਨੇ ਭਗਾਉਤੀ (ਸ਼ਕਤੀ) ਤੋਂ ਆਰੰਭ ਕਰਕੇ ਦਸ ਗੁਰੂ ਸਾਹਿਬਾਨਾਂ ਨੂੰ ਯਾਦ ਕਰਦਿਆਂ, ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤੇ, ਜਪੀਆਂ, ਤਪੀਆਂ ਦਾ ਧਿਆਨ ਧਰ ਉਸ ਪ੍ਰਭੂ ਨਾਲ ਜੋਦੜੀ ਕਰਨ ਦੀ ਤਜਵੀਜ਼ ਦੱਸੀ।

ਭਗਤ ਧੰਨਾ ਜੀ ਨੇ ਮੰਨ ਦੀ ਇਕਾਗਰਤਾ ਨਾਲ ਪ੍ਰਭੂ ਅੱਗੇ ਤਰਲਾ-ਮਿੰਨਤਾਂ ਕਰ ਠਾਕਰ ਪਾਸੋਂ ਪ੍ਰਸ਼ਾਦੇ ਨੂੰ ਭੋਗ ਲਗਵਾ ਹੀ ਲਿਆ ਅਤੇ ਉਸ ਮਾਲਕ ਦੇ ਖੁਲ੍ਹੇ ਦਰਸ਼ਨ ਦੀਦਾਰ ਵੀ ਕੀਤੇ।

ਮਾਤਾ ਗੰਗਾ ਸਪੁਤਨੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਿਆਰ ਵਿਚ ਭਿੱਜ ਕੇ ਪ੍ਰਸ਼ਾਦਾ ਤਿਆਰ ਕੀਤਾ ਤੇ ਪ੍ਰਸ਼ਾਦਾ ਲੈ ਕੇ ਬਾਬਾ ਬੁੱਢਾ ਜੀ ਪਾਸ ਬੇਨਤੀ ਕੀਤੀ ਕਿ ਉਸ ਦੀਨ ਦੁਨੀ ਦੇ ਮਾਲਕ ਪਾਸ ਬੇਨਤੀ ਕਰੋ ਕਿ ਸਾਡੇ ਪਾਸ ਵੀ ਬੱਚੇ ਦੀ ਬਖ਼ਸ਼ਿਸ਼ ਹੋ ਜਾਵੇ। ਬਾਬਾ ਜੀ ਪਾਸੋਂ ਕੀਤੀ ਅਰਦਾਸ ਉਸ ਅਕਾਲ ਪੁਰਖ ਘਰ ਕਬੂਲੀ ਗਈ ਤੇ ਮਾਤਾ ਜੀ ਦੇ ਕੁਖੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਵਤਾਰ ਧਾਰਿਆ। ਬਾਬਾ ਜੀ ਦੀ ਕੀਤੀ ਅਰਦਾਸ ਇਥੋਂ ਤੱਕ ਕਾਰਗਿਲ ਸਿੱਧ ਹੋਈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਚਪਨ ਵਿਚ ਪ੍ਰਿਥੀ ਚੰਦ ਵੱਲੋਂ ਖਤਮ ਕਰਨ ਦੇ ਕੋਝੇ ਯਤਨ ਵੀ ਅਸਫਲ ਰਹੇ।


ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)




ਪੀਰ ਬੁਧੂ ਸ਼ਾਹ ਦੀ ਸ਼ਰਧਾ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤਾਂ ਦਾ ਵਰਨਣ ਸਿੱਖ ਇਤਿਹਾਸ ਵਿਚ ਮਿਲਦਾ ਹੈ। ਪੀਰ ਜੀ ਦੀ ਬੇਗਮ (ਨਸੀਰਾਂ) ਦੀ ਸ਼ਰਧਾ ਅਤੇ ਅਰਦਾਸ ਭਾਵਪੂਰਨ ਹੋ ਨਿਬੜਦੀ ਜਦੋਂ ਨਸੀਰਾਂ ਦਾ ਭਰਾ ਗੁਰੂ ਜੀ ਪ੍ਰਤੀ ਕੌੜੇ ਸ਼ਬਦ ਬੋਲਦਾ ਜੋ ਨਸੀਰਾਂ ਨਹੀਂ ਸੁਣ ਸਕਦੀ ਸਗੋਂ ਅਰਦਾਸ ਕਰਦੀ ਕਿ ਉਸ ਦਾ ਭਰਾ ਗੁਰੂ ਜੀ ਦੇ ਚਰਨੀਂ ਲੱਗ ਜਾਵੇ। ਇਕ ਸ਼ਾਇਰ ਦੇ ਬੋਲ ਇਉਂ ਹਨ -

**''ਭੈਣ ਨਸੀਰਾਂ ਕੀ ਮੈਂ ਸੁਣ ਰਿਹਾ ਹਾਂ? ਇਕ ਕਾਫਰ ਦੇ ਤੁਸੀਂ ਮੁਰੀਦ ਹੋ ਗਏ?**<br>
**ਹੋ ਕੇ ਹਜ਼ਰਤ ਮੁਹੰਮਦ ਦੇ ਮੁਸਲਮਾਨ ਪੱਕੇ, ਬੁੱਤ ਪ੍ਰਸਤਾਂ ਦੇ ਕਿਉਂ ਕਰੀਬ ਹੋ ਗਏ?**<br>
**ਪੀਰ ਬੁਧੂਸ਼ਾਹ ਸ਼ਰਾ ਇਸਲਾਮ ਵਾਲਾ, ਰਾਹ ਭਟਕ ਕਿਉਂ ਬਦ-ਨਸੀਬ ਹੋ ਗਏ?**<br>
**ਕਾਫਰ ਪੀਰ ਦੀ ਕਰਦੇ ਹੋ ਸਿਫ਼ਤ ਕੂੜੀ, ਕੂੜੇ ਪੀਰ ਦੇ ਕੂੜ੍ਹੇ ਤਬੀਬ ਹੋ ਗਏ?**<br>
**ਮੈਂ ਹਾਂ ਸੈਦ ਖਾਨ, ਮੁਸਲਮਾਨ ਪੱਕਾ, ਕਾਫਰ ਪੀਰ ਨੂੰ ਤਾਰੇ ਵਿਖਾ ਦਿਆਂਗਾ।**<br>
**ਦੁਨੀਆਂ ਕਰੇਗੀ ਯਾਦ ਇਤਿਹਾਸ ਅੰਦਰ, ਕਦੇ ਸੈਦ ਖਾਂ ਨੇ ਹੱਲਾ ਬੋਲਿਆ ਸੀ।**<br>
**ਇਕ ਚਿੜੀ ਨੇ ਬਾਜ ਨਾਲ ਲਿਆ ਪੰਜਾ, ਭੁਖੇ ਬਾਜ ਨੇ ਕਿਉਂ ਕਰ ਰੋਲਿਆ ਸੀ।''**

ਇਹ ਕੌੜੇ ਸ਼ਬਦ ਨਸੀਰਾਂ ਨਾ ਸਹਾਰ ਸਕੀ ਤੇ ਵੀਰ ਨੂੰ ਤੋੜ ਕੇ ਜੁਆਬ ਦਿੱਤਾ -

**''ਕਦੀ ਭੁੱਲ ਕੇ ਮਾਣ ਨਾ ਕਰੀ ਵੀਰਾ, ਸੱਚੇ ਪੀਰ ਦੀ ਲਾਹੁਣ ਤੂੰ ਧੌਣ ਆਇਐਂ?**<br>
**ਪੁੱਠੀ ਮੱਤ ਹੋਈ ਸ਼ੈਤਾਨ ਵਾਲੀ, ਕਿਸਮਤ ਆਪਣੀ ਨੂੰ ਵੀਰਾ ਤੂੰ ਰੋਣ ਆਇਐਂ?**<br>
**ਮੇਰੀ ਤਾਂ ਦਿਲੋਂ ਮੁਰਾਦ ਇਹੋ, ਉਹਦੇ ਕਦਮਾਂ ਵਿਚ ਤੂੰ ਰੁਲ ਜਾਵੇਂ।**<br>
**ਸੱਚੇ ਪੀਰ ਦੀ, ਨਦਿਰ ਦੀ ਹੋਵੇ ਬਖਸ਼ਿਸ਼, ਫੋਕੀ ਆਕੜ ਹੰਕਾਰ ਨੂੰ ਭੁਲ ਜਾਵੇਂ।''**

ਨਸੀਰਾਂ ਦੀ ਕੀਤੀ ਅਰਦਾਸ ਕਬੂਲ ਹੋ ਗਈ ਤੇ ਸੈਦ ਖਾਂ ਲੜਨ ਦੀ ਬਜਾਏ ਗੁਰੂ ਜੀ ਦੇ ਚਰਨੀਂ ਢਹਿ ਪਿਆ ਤੇ ਸਦਾ ਲਈ ਸਿੱਖ ਧਰਮ ਅਖਤਿਆਰ ਕਰ ਲਿਆ।

ਅਰਦਾਸ ਵਿਚ ਜੋਦੜੀ ਦਰਕਾਰ ਹੈ, ਬਹੁਤੇ ਸ਼ਬਦ ਨਹੀਂ। ਅਰਦਾਸ ਭਾਵਪੂਰਤ ਹੋਵੇ ਭਾਵੇਂ ਸੰਖੇਪ ਵਿਚ ਹੀ ਹੋਵੇ। ਜਿਤਨੇ ਜ਼ਿਆਦਾ ਸ਼ਬਦ ਹੋਣਗੇ ਉਤਨੀ ਹੀ ਭਾਵਨਾ ਘੱਟ ਜਾਂਦੀ ਹੈ। ਜੇਕਰ ਘੋੜੇ ਤੇ ਚੜ੍ਹਨ ਲੱਗਿਆ, ਰਕਾਬ ਤੇ ਪੈਰ ਰੱਖਦਿਆਂ ਕੋਈ ਸੂਰਬੀਰ ਇਹ ਕਹਿ ਦੇਵੇ "ਹੇ ਨੀਲੇ ਘੋੜੇ ਵਾਲਿਆ, ਆਪਣੇ ਦਾਸ ਦੀ ਰੱਖਿਆ ਕਰੀਂ" ਤਾਂ ਇਹ ਆਪਣੇ ਆਪ ਵਿਚ ਮੁਕੰਮਲ ਅਰਦਾਸ ਹੈ।

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ**

**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।**

**ਸਭੋ ਭਜੈ ਆਸਰਾ ਚੁਕੈ ਸਭ ਅਸਰਾਉ।**

**ਚਿਤ ਆਵੈ ਉਸ ਪਾਰਬ੍ਰਹਮ ਲਗੈ ਨ ਤਤੀ ਵਾਉ।** **ਸਿਰੀ ਰਾਗ ਮ: 5 ਅੰਗ 70**

ਅਰਦਾਸ ਵਿਚ ਅਸੀਂ ਦੁਨਿਆਵੀ ਪਦਾਰਥਾਂ ਤੋਂ ਇਲਾਵਾ ਨਾਮ ਦਾਨ ਦੇ ਨਾਲ-ਨਾਲ ਭਰੋਸਾ ਦਾਨ ਵੀ ਮੰਗਦੇ ਹਾਂ ਪਰ ਕਦੋਂ? ਜਦ ਆਪਣੀ ਸਿਆਣਪ ਕੰਮ ਨਹੀਂ ਕਰਦੀ, ਜਦੋਂ ਆਪਣਿਆਂ ਚਿਤਵਿਆਂ ਚਲਦਾ ਨਹੀਂ ਜਦੋਂ ਕੰਮ ਵਿਗੜਦੇ ਦਿਸਦੇ ਹਨ, ਜਦੋਂ ਕੁਝ ਬਿਨਸ ਗਿਆ, ਖੁਸ ਗਿਆ ਲਗਦਾ। ਉਦੋਂ ਮੰਨ ਸੁਤੇ ਸਿੱਧ ਪੁਕਾਰ ਉਠਦਾ ਹੈ –

**ਮੋਹਿ ਅਨਾਥ ਕੀ ਕਰਹੁ ਸਮਾਈ।** **ਗਾਉੜੀ ਪੂਰਬੀ ਮਹਲਾ 5 ਪੰਨਾ 204**

ਭਰੋਸਾ ਤਾਂ ਉਸ ਉੱਪਰ ਕੀਤਾ ਨਿਭ ਸਕਦਾ ਜੋ ਆਪ ਨਾਲ ਨਿਭਣ ਵਾਲਾ ਹੋਵੇ।

**ਸਦਹੀ ਨਿਬਹੈ ਤੇਰੈ ਨਾਲਿ॥** **ਭੈਰਉ ਮ: ਤੀਜਾ ਅੰਗ 1129**

ਧੰਨ ਦੌਲਤ ਦਾ ਕੋਈ ਭਰੋਸਾ ਨਹੀਂ, ਕਦੋਂ ਛੱਡ ਜਾਣ

**ਸੰਗਿ ਨ ਚਾਲਸਿ ਤੇਰੈ ਧਨਾ। ਤੂ ਕਿਆ ਲਪਟਾਵਹਿ ਮੂਰਖ ਮਨਾ॥** **ਗਾਉੜੀ ਮ: 5 ਅੰਗ 288**

ਨਾਲ ਨਿਭਣ ਵਾਲਾ ਤਾਂ ਇਕ ਵਾਹਿਗੁਰੂ ਹੀ ਹੈ, ਹੋਰ ਕੋਈ ਨਹੀਂ।

ਬਾਬਾ ਮੱਖਣ ਸ਼ਾਹ ਲੁਬਾਣਾ ਨੇ ਜਦੋਂ ਸਾਰੇ ਯਤਨ ਕਰ ਵੇਖੇ ਪਰ ਉਸ ਦਾ ਬੇੜਾ ਪਾਰ ਨਹੀਂ ਹੋ ਰਿਹਾ ਤਾਂ ਉਸ ਨੇ ਜਿਸ ਵਾਹਿਗੁਰੂ ਤੇ ਭਰੋਸਾ ਕੀਤਾ ਹੋਇਆ ਸੀ ਉਸ ਨੂੰ ਯਾਦ ਕਰਕੇ ਅਰਦਾਸ ਕੀਤੀ ਤੇ ਉਸ ਦਾ ਬੇੜਾ ਪਾਰ ਹੋਇਆ।

**ਸਾਥੀਅੜਾ ਪ੍ਰਭੁ ਏਕ ਦੂਸਰ ਨਾਹਿ ਕੋਇ।** **ਜੈਤਸਰੀ ਮਹਲਾ 5 ਅੰਗ 704**

ਗੁਰਸਿੱਖ ਨੇ ਅਰਦਾਸ ਵਿਚ ਸਿੱਖੀ ਮੰਗੀ, ਰਹਿਤ ਮੰਗੀ, ਬਿਬੇਕ ਮੰਗਿਆ, ਵਿਸਾਹ ਮੰਗਿਆ, ਭਰੋਸਾ ਮੰਗਿਆ ਆਦਿ, ਇਸ ਲਈ ਕਿ ਧਰਮ ਦੀ ਜੈ-ਜੈ ਕਾਰ ਹੋਵੇ।

ਰੱਬ ਦੇ ਨੇਕ ਬੰਦਿਆਂ ਦੀ ਰਖੀ, ਸੇਵਾ ਤੇ ਸੰਭਾਲ, ਜ਼ੁਲਮ ਕਰਨ ਵਾਲੇ ਦਾ ਖਾਤਮਾ – ਇਹ ਧਰਮ ਹੈ ਅਤੇ ਇਸ ਦੀ ਜਾਚਨਾ ਸਿੱਖੀ ਵਿਚ ਕੀਤੀ ਜਾਂਦੀ ਹੈ।

**ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡ ਦੀਓਇ।** **ਸ੍ਰੀ ਰਾਗ ਮਹਲਾ 5 ਅੰਗ 89**

ਜਨਮ ਸਾਖੀ ਭਾਈ ਬਾਲਾ ਜੀ ਵਿਚ ਜ਼ਿਕਰ ਆਉਂਦਾ ਹੈ 'ਜਦੋਂ ਜਦੋਂ ਵੀ ਕਮਜ਼ੋਰ ਅਤੇ ਲਾਚਾਰ ਮਿਟੀ, ਆਪਣੀ ਬੇਵਸੀ ਕਾਰਣ ਕੁਰਲਾਉਂਦੀ ਹੈ ਤਾਂ ਉਸ ਦੀ ਪੁਕਾਰ ਅਰਦਾਸ ਹੀ ਹੁੰਦੀ ਹੈ। ਅਰਦਾਸ ਤਾਂ ਹੁੰਦੀ ਹੀ ਬੇਵਸਾਂ ਲਈ। ਜਿਨ੍ਹਾਂ ਨੂੰ ਆਪਣੀ ਅਕਲ ਤੇ ਮਾਣ ਹੁੰਦਾ, ਉਹ ਤਾਂ ਅਰਦਾਸ ਕਰਨ ਦੇ ਸਮਰੱਥ ਹੀ ਨਹੀਂ ਹੁੰਦੇ। ਜਦੋਂ ਤੱਕ ਹਾਉਮੈ ਬਣੀ ਰਹਿੰਦੀ ਹੈ, ਸਾਈਂ ਦੇ ਘਰ ਦਰਵਾਜ਼ੇ ਨਹੀਂ ਖੁਲਦੇ। ਹਉਮੈ ਮਿਟੇ ਤਾਂ ਹੀ ਬਖਸ਼ਿਸ਼ ਦਾ ਦਰਵਾਜ਼ਾ ਖੁਲ੍ਹਦਾ ਹੈ।'

**ਹਉਮੈ ਬੂਝੈ ਤਾ ਦਰੁ ਸੂਝੈ। ਵਾਰ ਆਸਾ ਮ ੧।** **ਸਲੋਕ ਮ:1 ਅੰਗ 466**

ਭਾਈ ਨੰਦ ਲਾਲ ਜੀ ਦੀ ਸਥਿਤੀ ਵੀ ਇਸ ਤਰ੍ਹਾਂ ਦੀ ਹੀ ਬਣ ਗਈ ਸੀ ਜਦੋਂ ਦਸਵੀਂ ਪਾਤਸ਼ਾਹੀ ਪਾਸ ਉਹ ਪਹੁੰਚਦੇ ਹਨ ਤਾਂ ਗੁਰੂ ਜੀ ਨੂੰ ਆਪਣੇ ਗਿਆਨ ਬਾਰੇ ਦੱਸਦੇ ਹਨ। ਗੁਰੂ ਜੀ ਸਮਝ ਜਾਂਦੇ ਹਨ ਤਾਂ ਉਸ ਨੂੰ ਲੰਗਰ ਸਾਫ਼-ਸਫ਼ਾਈ ਆਦਿ ਦੇ ਕੰਮਾਂ ਵਿਚ ਲਗਾ ਦਿੰਦੇ ਤਾਂ ਜੋ ਉਸ ਦੇ ਗਿਆਨ ਦੇ ਹਉਮੈ ਦਾ ਕੋਟ ਉਤਾਰਿਆ ਜਾਵੇ।

ਇਤਿਹਾਸ ਵਿਚ ਆਉਂਦਾ ਹੈ ਜਦੋਂ ਸੁਲਹੀ ਖਾਨ ਪਠਾਨ ਫੌਜ ਲੈ ਕੇ ਗੁਰੂ ਅਰਜਨ ਦੇਵ ਜੀ ਤੇ ਧਾਵਾ ਬੋਲਦਾ ਹੈ ਤਾਂ ਇਹ ਖ਼ਬਰ ਦਰਬਾਰ ਵਿਚ ਪਹੁੰਚਦੀ ਹੈ। ਸੰਗਤ ਫ਼ਿਕਰਮੰਦ ਹੁੰਦੀ ਹੈ ਵੱਖ-ਵੱਖ ਸੁਝਾਅ ਆਉਂਦੇ ਹਨ ਪਰ ਗੁਰੂ ਸਾਹਿਬ ਸਿਦਕ ਵਿਚ ਜੁੜ ਉਸ ਅਕਾਲ ਪੁਰਖ ਅੱਗੇ ਹੀ ਅਰਦਾਸ ਕਰਦੇ ਜਿਸ ਦੀ ਸਾਦਹੀ ਗੁਰਬਾਣੀ ਭਰ ਰਹੀ ਹੈ –

**ਪ੍ਰਥੇ ਮਤਾ ਜਿ ਪਤ੍ਰੀ ਚਲਾਵਉ ।**

**ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ।**

**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ।**

**ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ।** **ਆਸਾ ਮਹਲਾ 5 ਅੰਗ 371**

ਜਸਵੰਤ ਸਿੰਘ ਨੇਕੀ ਹੋਰਾਂ ਦੀ ਲਿਖਤ ਵਿਚੋਂ ਕੁਝ ਹੋਰ ਵੀ ਹਵਾਲੇ ਮਿਲਦੇ ਹਨ ਜੋ ਅੱਜ ਦੇ ਵਿਸ਼ੇ ਦੀ ਪੁਸ਼ਟੀ ਕਰਦੇ ਹਨ। ਜਿਸ ਦਾ ਦਿਨ ਅਰਦਾਸ ਨਾਲ ਚੜ੍ਹਦਾ ਹੈ, ਸਾਰਾ ਦਿਨ ਉਸ ਦੀ ਕਿਰਤ ਵਾਹਿਗੁਰੂ ਦੀ ਹਜ਼ੂਰੀ ਵਿਚ ਹੁੰਦੀ ਹੈ, ਜਿਸ ਦੀ ਰਾਤ ਅਰਦਾਸ ਨਾਲ ਪੈਂਦੀ ਹੈ ਇਸ ਦੀ ਨੀਂਦ ਵਾਹਿਗੁਰੂ ਦੀ ਗੋਦ ਵਿਚ ਬੀਤਦੀ ਹੈ। ਕਹਿੰਦੇ ਹਨ ਹਜ਼ਰਤ ਮੁਹੰਮਦ ਸਾਹਿਬ ਨੂੰ ਜਦੋਂ ਵੀ ਔਕੜ ਆਉਂਦੀ, ਉਹ ਰੋ ਰੋ ਕੇ ਰੱਬ ਅੱਗੇ ਦੁਆ ਕਰਦੇ ਸਨ ਤੇ ਉਸ ਪਾਸੋਂ ਰੋਸ਼ਨੀ ਮੰਗਦੇ ਸਨ। ਪਤਾ ਚੱਲਦਾ ਹੈ ਕਿ ਅਰਦਾਸ ਕਰਦਿਆਂ ਉਹਨਾਂ ਦਾ ਸਾਰਾ ਸਰੀਰ ਥਰ-ਥਰ ਕੰਬਣ ਲੱਗ ਜਾਂਦਾ ਅਤੇ ਅੱਥਰੂਆਂ ਤੇ ਪਸੀਨੇ ਨਾਲ ਉਨ੍ਹਾਂ ਦਾ ਸਰੀਰ ਤਰ ਹੋ ਜਾਂਦਾ। ਕਈ-ਕਈ ਦਿਨ ਖਾਂਦੇ ਪੀਤੇ ਤੋਂ ਬਿਨਾਂ ਉਹ ਇਸੇ ਅਵਸਥਾ ਵਿਚ ਪਏ ਰਹਿੰਦੇ ਜਦੋਂ ਰੱਬ ਦਾ ਨੂਰ ਅੰਦਰੋਂ ਝਲਕਾਂ ਮਾਰਦਾ ਤਾਂ ਉਹ ਉਠਦੇ ਸਨ। ਉਸ ਸਮੇਂ ਜੋ ਵੀ ਬਚਨ ਉਹਨਾਂ ਦੇ ਮੂੰਹੋਂ ਨਿਕਲਦਾ ਸੀ ਉਹ ਕਲਾਮ-ਅੱਲਾਹ ਕਰਕੇ ਸਵੀਕਾਰਿਆ ਜਾਂਦਾ ਸੀ। ਸਾਰਾ ਕੁਰਾਨ ਮਜੀਦ ਅਜਿਹੇ ਬਚਨਾਂ ਦਾ ਹੀ ਸੰਗ੍ਰਿਹ ਹੈ। ਨਮਾਜ ਦਾ ਆਰੰਭ ਕਲਮੇ ਤੋਂ ਹੁੰਦਾ ਤੇ ਇਹ ਕਲਮਾ ਆਪਣੇ ਆਪ ਵਿਚ ਇਕ ਮੁਕੰਮਲ ਅਰਦਾਸ ਹੈ।

**ਹੇ ਸੰਸਾਰ ਦੇ ਮਾਲਕ, ਉਦਾਰ ਤੇ ਦਇਆਲ ਅੱਲਾਹ,**

**ਅਸੀਂ ਤੇਰਾ ਗੁਣਾਨਬਾਦ ਕਰਦੇ ਹਾਂ।**

**ਹੇ ਕਿਆਮਤ ਦੇ ਦਿਨ ਦੇ ਅਧਿਕਾਰੀ,**

**ਅਸੀਂ ਤੇਰੀ ਸੇਵਾ ਤੇ ਸਹਾਇਤਾ ਮੰਗਦੇ ਹਾਂ।**

**ਸਾਨੂੰ ਉਹ ਰਸਤਾ ਦਿਖਾਲ**

**ਜਿਸ ਤੇ ਚਲਦਿਆਂ ਤੇਰੀ ਦੁਆ ਪ੍ਰਾਪਤ ਹੋਵੇ।**

**ਆਪਣੇ ਮਨਜੂਰ ਕੀਤੇ ਸੱਚੇ ਮਾਰਗ ਤੇ ਪਾ-**

**ਉਸ ਕੁਮਾਰਗ ਤੇ ਨਹੀਂ,**

**ਜਿਸ ਤੇ ਤੁਰਦਿਆਂ ਤੇਰੀ ਨਜਰ 'ਚੋਂ ਡਿਗ ਜਾਈਏ।** **ਕੁਰਾਨ ਮਜੀਦ : ਨਮਾਜ ਵਿਚੋਂ**

ਜਦ ਵੀ ਕੋਈ ਆਪਾ ਤਿਆਗ ਕੇ ਸੱਚੇ ਦਿਲੋਂ, ਵਾਹਿਗੁਰੂ ਦੀ ਸ਼ਰਨ ਭਾਲਦਾ ਹੈ ਤਾਂ ਵਾਹਿਗੁਰੂ ਤੁੱਠ ਕੇ ਗਲ ਲਾ ਲੈਂਦਾ ਹੈ ਇਹੀ ਉਸ ਦੀ ਬਿਰਧ ਹੈ –

**ਸੋ ਸਰਣਿ ਆਵੈ ਤਿਸ ਕੰਠਿ ਲਾਵੈ ਇਹ ਬਿਰਧ ਸੁਆਮੀ ਸੰਦਾ।** **ਬਿਹਾਗੜਾ ਮਹਲਾ 5 ਪੰਨਾ 544**


● ● ●

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

**ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼**

# ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ

ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ। ਇਸ ਧਰਤੀ ’ਤੇ ਅਨੇਕਾਂ ਯੋਧਿਆਂ ਨੇ ਜਨਮ ਲਿਆ ਅਤੇ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਆਪੋ ਆਪਣਾ ਫਰਜ਼ ਨਿਭਾ ਕੇ ਰੁਖਸਤ ਹੋਏ। ਇਸ ਧਰਤੀ ਨੇ ਅਜਿਹੇ ਸੂਰਮਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖ਼ਾਤਰ ਹੱਸਦਿਆਂ-ਹੱਸਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਫ਼ਾਂਸੀ ਚੜ੍ਹਨ ਲੱਗਿਆਂ ਫ਼ਾਸੀ ਦੇ ਰੱਸੇ ਨੂੰ ਚੁੰਮਦਿਆਂ ਆਪਣੇ ਗਲ ਵਿਚ ਆਪਣੇ ਹੱਥੀਂ ਆਪ ਪਾਇਆ ਅਤੇ ਲਾੜੀ ਸਮਝਿਆ। ਇਹੋ ਜਿਹੇ ਸ਼ਹੀਦਾਂ ਵਿਚੋਂ ਹੀ ਇਕ ਮਹਾਨ ਯੋਧਾ ਸੀ ਸ਼ਹੀਦ ਊਧਮ ਸਿੰਘ।



ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਸੁਨਾਮ (ਪੰਜਾਬ) ਵਿਚ ਸ: ਟਹਿਲ ਸਿੰਘ ਦੇ ਘਰ ਹੋਇਆ। ਸ: ਟਹਿਲ ਸਿੰਘ ਰੇਲਵੇ ਫਾਟਕ ’ਤੇ ਡਿਊਟੀ ਕਰਦਾ ਸੀ। ਊਧਮ ਸਿੰਘ ਦੇ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ ਅਤੇ ਉਸ ਦਾ ਇਕ ਭਰਾ ਮੁਕਤਾ ਸਿੰਘ ਸੀ। ਸ਼ੇਰ ਸਿੰਘ ਅਤੇ ਉਸ ਦੇ ਭਰਾ ’ਤੇ ਮੁਸੀਬਤਾਂ ਦਾ ਪਹਾੜ ਉਸ ਵੇਲੇ ਡਿੱਗਾ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਬਚਪਨ ਵਿਚ ਹੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਸ਼ੇਰ ਸਿੰਘ ਦੀ ਉਮਰ ਕੇਵਲ 7 ਸਾਲ ਸੀ 24 ਅਕਤੂਬਰ, 1907 ਨੂੰ ਸ਼ੇਰ ਸਿੰਘ ਅਤੇ ਉਸ ਦਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਯਤੀਮਖਾਨੇ ਪਹੁੰਚ ਗਏ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸ਼ੇਰ ਸਿੰਘ ਦਾ ਨਾਂਅ ਬਦਲ ਕੇ ਊਧਮ ਸਿੰਘ ਅਤੇ ਮੁਕਤਾ ਸਿੰਘ ਦਾ ਨਾਂਅ ਬਦਲ ਕੇ ਸਾਧੂ ਸਿੰਘ ਰੱਖ ਦਿੱਤਾ ਗਿਆ। ਦੁਨੀਆ ਵਿਚ ਮੌਜੂਦ ਖ਼ੂਨ ਦਾ ਇਕੋ-ਇਕ ਰਿਸ਼ਤਾ ਵੀ ਉਸ ਵੇਲੇ ਖ਼ਤਮ ਹੋ ਗਿਆ ਜਦੋਂ 1917 ਵਿਚ ਸਾਧੂ ਸਿੰਘ ਦੀ ਮੌਤ ਹੋ ਗਈ।

13 ਅਪ੍ਰੈਲ, 1919 ਈ. ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਹੱਥੇ ਲੋਕਾਂ ਦੇ ਭਾਰੀ ਇਕੱਠ ਉੱਪਰ ਜਨਰਲ ਰੀਜਨਲਡ ਐਡਵਰ ਹੈਰੀ ਡਾਇਰ ਦੁਆਰਾ ਅੰਨ੍ਹੇਵਾਹ ਗੋਲੀਆਂ ਦੀ ਬੁਛਾਰ ਕੀਤੀ ਗਈ। ਇਸ ਇਕੱਠ ਵਿਚ ਸ਼ਾਮਿਲ ਮਾਸੂਮ ਬੱਚੇ, ਬਜ਼ੁਰਗ, ਮਰਦ ਅਤੇ ਔਰਤਾਂ ਵਿਚ ਗੋਲੀਆਂ ਚੱਲਣ ਕਾਰਨ ਭੱਜ-ਦੌੜ ਮਚ ਗਈ। ਤਰਾਸਦੀ ਇਹ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਇਕ ਹੀ ਦਰਵਾਜ਼ਾ ਹੋਣ ਕਾਰਨ ਲੋਕ ਆਪਣੀਆਂ ਜਾਨਾਂ ਨਾ ਬਚਾਅ ਪਾਏ। ਬਹੁਤ ਸਾਰੇ ਲੋਕਾਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆ ਅਤੇ ਇਕ ਹਜ਼ਾਰ ਤੋਂ ਵੱਧ ਮਜ਼ਲੂਮ ਲੋਕ ਗੋਲੀਆਂ ਦਾ ਸ਼ਿਕਾਰ ਹੋ ਗਏ। ਜਲ੍ਹਿਆਂਵਾਲੇ ਬਾਗ ਦੀਆਂ ਕੰਧਾਂ ’ਤੇ ਮੌਜੂਦ ਗੋਲੀਆਂ ਦੇ ਨਿਸ਼ਾਨ ਅੱਜ ਵੀ ਉਸ ਦਿਲ-ਕੰਬਾਊ ਘਟਨਾ ਦਾ ਪ੍ਰਤੱਖ ਪ੍ਰਮਾਣ ਹਨ। ਇਸ ਅਣਮਨੁੱਖੀ ਘਟਨਾ ਦੀ ਖਬਰ ਜੰਗਲ ਦੀ ਅੱਗ ਵਾਂਗ ਚਾਰ-ਚੁਫ਼ੇਰੇ ਫੈਲਣ ਦੇ ਨਾਲ-ਨਾਲ ਸੱਤ ਸਮੁੰਦਰ ਪਾਰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚ ਗਈ। ਇਸ ਮੰਦਭਾਗੀ ਘਟਨਾ ਦੇ ਕਾਰਨ ਨੌਜਵਾਨ ਵਰਗ ਵਿਚ ਬਗ਼ਾਵਤ ਦੀ ਲਹਿਰ ਹੋਰ ਜ਼ੋਰ ਫੜ ਗਈ। ਇਨ੍ਹਾਂ ਨੌਜਵਾਨਾਂ ਵਿਚੋਂ ਹੀ ਇਕ ਨਾਂਅ ਸ਼ਹੀਦ ਊਧਮ ਸਿੰਘ ਦਾ ਸੀ, ਜਿਸ ਦੇ ਦਿਲ-ਦਿਮਾਗ ’ਤੇ ਇਸ ਘਟਨਾ ਨੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬਦਲੇ ਦੀ ਚਿਣਗ ਨੂੰ ਦਿਲ ਵਿਚ ਲੈ ਆਜ਼ਾਦੀ ਦੇ ਰਾਹ ’ਤੇ ਤੁਰ ਪਿਆ।

1920 ਵਿਚ ਊਧਮ ਸਿੰਘ ਭਾਰਤ ਨੂੰ ਛੱਡ ਅਮਰੀਕਾ ਚਲਿਆ ਗਿਆ। ਊਧਮ ਸਿੰਘ ਦੇ ਜੀਵਨ ਉੱਪਰ ਸ: ਭਗਤ ਸਿੰਘ ਦਾ ਬਹੁਤ ਜ਼ਿਆਦਾ ਪ੍ਰਭਾਵ ਪਿਆ। ਉਹ ਸ: ਭਗਤ ਸਿੰਘ ਦੀ ਤਰ੍ਹਾਂ ਹੀ ਗਰਮ ਖਿਆਲੀ ਕ੍ਰਾਂਤੀਕਾਰੀ ਸੀ। ਊਧਮ ਸਿੰਘ ਸੰਨ 1924 ਵਿਚ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਿਆ। ਸ: ਭਗਤ ਸਿੰਘ ਦੇ ਕਹਿਣ ਉੱਤੇ 27 ਜੁਲਾਈ, 1927 ਨੂੰ ਊਧਮ ਸਿੰਘ ਆਪਣੇ ਸਾਥੀਆਂ ਅਤੇ ਕੁਝ ਅਸਲ੍ਹੇ ਸਮੇਤ ਭਾਰਤ ਵਾਪਸ ਆ ਗਿਆ। 30 ਅਗਸਤ, 1927 ਨੂੰ ਗੈਰ-ਕਾਨੂਨੀ ਅਸਲ੍ਹਾ ਰੱਖਣ ਦੇ ਦੋਸ਼ ਵਿਚ ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਵਿਚ ਉਸ ਨੂੰ 4 ਸਾਲ ਦੀ ਕੈਦ ਹੋ ਗਈ। ਜਦੋਂ ਭਗਤ ਸਿੰਘ ਨੂੰ ਫ਼ਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜੇਲ੍ਹ ਵਿਚ ਸੀ। ਸੰਨ 1931 ਵਿਚ ਆਪਣੀ ਸਜ਼ਾ ਪੂਰੀ ਕਰ ਜਦੋਂ ਊਧਮ ਸਿੰਘ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ। ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਕੀਤਾ

ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ, ਜਿੱਥੇ ਉਸ ਨੇ ਪੇਂਟਰ ਦੀ ਦੁਕਾਨ ਖੋਲ੍ਹੀ। ਇਸ ਦੁਕਾਨ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਂਅ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁੰਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਚੰਗਿਆੜੀ ਜੋ 20 ਸਾਲ ਤੱਕ ਊਧਮ ਸਿੰਘ ਦੇ ਸੀਨੇ ਵਿਚ ਧੁਖਦੀ ਰਹੀ, ਇਕ ਭਿਆਨਕ ਅੱਗ ਦਾ ਰੂਪ ਅਖ਼ਤਿਆਰ ਕਰ ਚੁੱਕੀ ਸੀ।



ਆਖਰਕਾਰ 13 ਮਾਰਚ, 1940 ਨੂੰ ਉਹ ਦਿਨ ਆ ਗਿਆ, ਜਿਸ ਦੀ ਊਧਮ ਸਿੰਘ 20 ਸਾਲਾਂ ਤੋਂ ਉਡੀਕ ਕਰ ਰਿਹਾ ਸੀ। 13 ਮਾਰਚ, 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿਚ ਸਫ਼ਲ ਹੋਇਆ। ਜਦੋਂ ਮਾਈਕਲ ਅਡਵਾਇਰ ਜੋ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ, ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉੱਪਰ ਦਾਗ਼ ਦਿੱਤੀਆਂ। ਗੋਲੀਆਂ ਲੱਗਣ ਕਾਰਨ ਅਡਵਾਇਰ ਜ਼ਮੀਨ ਉੱਪਰ ਡਿੱਗ ਪਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ, ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਸ਼ਹੀਦ ਊਧਮ ਸਿੰਘ ਦੁਆਰਾ ਮਾਈਕਲ ਅਡਵਾਇਰ ਦਾ ਕਤਲ ਕਰਨ ਤੋਂ ਬਾਅਦ ਆਪਣੇ ਜੁਰਮ ਦਾ ਇਕਬਾਲ ਕਰਨਾ ਉਸ ਦੀ ਸੂਰਬੀਰਤਾ ਦੀ ਨਿਸ਼ਾਨੀ ਸੀ। ਗ੍ਰਿਫ਼ਤਾਰੀ ਸਮੇਂ ਊਧਮ ਸਿੰਘ ਇਹੀ ਕਹਿ ਰਿਹਾ ਸੀ ਕਿ ਉਸ ਨੇ ਆਪਣੇ ਦੇਸ਼ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ।

ਸ਼ਹੀਦ ਊਧਮ ਸਿੰਘ ਵਲੋਂ ਮਾਈਕਲ ਅਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖ਼ਬਾਰ 'ਦੀ ਟਾਈਮਜ਼ ਆਫ ਲੰਡਨ' ਨੇ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ। ਜਰਮਨੀ ਦੇ ਰੇਡੀਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ 'ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਮੁਆਫ਼ ਨਹੀਂ ਕਰਦੇ, ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ।' ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸੰਸਾ ਕੀਤੀ ਗਈ। ਪਹਿਲੀ ਅਪ੍ਰੈਲ, 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਅਡਵਾਇਰ ਦੇ ਕਤਲ ਲਈ ਉਸ ਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ, 1940 ਸੈਂਟਰਲ ਕ੍ਰਿਮੀਨਲ ਕੋਰਟ, ਓਲਡ ਬੈਲੇ ਵਿਚ ਜਸਟਿਸ ਐਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਅਡਵਾਇਰ ਦੇ ਕਤਲ ਦਾ ਕਾਰਨ ਪੁੱਛਣ 'ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿੱਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ, 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜੇਲ੍ਹ ਦੇ ਅੰਦਰ ਹੀ ਦਬਾਅ ਦਿੱਤਾ ਗਿਆ। ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ 31 ਜੁਲਾਈ, 1940 ਨੂੰ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਪਰ ਉਸ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਉਸ ਨੂੰ ਜਿਊਂਦਾ ਰੱਖੇਗੀ। ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਹੈ।

**- ਸੁਰਿੰਦਰ ਸਿੰਘ ਰੂਬੀ** (ਸੰਪਾਦਕ)

# ਚੁੱਪ ਰਹਿਣਾ ਇਕ ਸਾਧਨਾ ਹੈ ਤੇ ਸੋਚ ਸਮਝ ਕੇ ਬੋਲਣਾ ਇਕ ਕਲਾ ਹੈ।

# ਸਫਲ ਜੀਵਨ ਲਈ ਸਹਿਜ ਮਾਰਗ ਦੀ ਲੋੜ

ਅੱਜ ਦੇ ਰਹਿਣ-ਸਹਿਣ ਵੱਲ ਨਿਗ੍ਹਾ ਮਾਰੀਏ ਤਾਂ ਅਜੋਕੀ ਜ਼ਿੰਦਗੀ ਵਿਚੋਂ ਆਪਸੀ ਭਾਈਚਾਰਕ ਸਾਂਝਾਂ, ਨਿਰਮਾਣਤਾ ਤੇ ਪਿਆਰ ਭਰੀਆਂ ਸੂਝਾਂ-ਬੂਝਾਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਜ਼ਿੰਦਗੀ ਦੀ ਤੇਜ਼-ਤਰਾਰ ਤੇ ਭੱਜ-ਦੌੜ ਭਰੀਆਂ ਰਾਹਾਂ ਤੇ ਲੋਭ ਤੇ ਮੋਹ ਭਰੀਆਂ ਨਿਗਾਹਾਂ ਵਾਲੀ ਸੋਚ ਨੇ ਨਿੱਘੇ ਰਿਸ਼ਤਿਆਂ ਨੂੰ ਵੀ ਦੂਰ ਖੜੋ ਕੇ ਤੱਕਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਤੇ ਆਪਣਿਆਂ ਲਈ ਲੋਭ ਭਰੀਆਂ ਵਸਤਾਂ ਭਾਲਦਾ ਇਨਸਾਨ ਆਪਣੇ ਕਰੀਬੀ ਤੇ ਦਿਲੀ ਸਾਂਝ ਵਾਲੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਨੂੰ ਪੈਰਾਂ ਹੇਠ ਮਧੋਲਦਾ ਅੱਗੇ ਵਧਦਾ ਜਾ ਰਿਹਾ ਹੈ।

ਅੱਜ ਨਿਮਰਤਾ, ਸਹਿਣਸ਼ੀਲਤਾ ਤਾਂ ਮਨੁੱਖੀ ਜਾਮੇ 'ਚੋਂ ਮਨਫੀ ਹੀ ਹੁੰਦੇ ਜਾ ਰਹੇ ਹਨ। ਚੋਰ-ਮੋਰੀ, ਠੱਗੀ-ਯਾਰੀ ਸਿਰਫ ਤੇ ਸਿਰਫ ਮਤਲਬ ਹੀ ਇਨ੍ਹਾਂ ਦੀ ਰੋਜ਼ ਦੀ ਕਾਰਗੁਜ਼ਾਰੀ ਹੁੰਦੀ ਹੈ। ਅਜਿਹੇ ਲੋਕ ਜ਼ਿੰਦਗੀ ਨੂੰ ਸਿਰਫ ਜਿਉਣਾ ਹੀ ਜਾਣਦੇ ਹਨ। ਇਸ ਜ਼ਿੰਦਗੀ ਰੂਪੀ ਵਿਸ਼ਾਲ ਤੇ ਲੰਬੇ ਪੈਂਡੇ ਤੇ ਚੱਲਦਿਆਂ ਇਨਸਾਨ ਨੂੰ ਕਈ ਖੁਸ਼ੀਆਂ ਤੇ ਨਮੋਸ਼ੀਆਂ ਵੀ ਝੱਲਣੀਆਂ ਪੈਂਦੀਆਂ ਹਨ। ਕੁਝ ਬੰਦੇ ਇਨ੍ਹਾਂ ਹਾਰਾਂ ਨੂੰ ਝੱਲ ਕੇ ਤੇ ਤਜ਼ਰਬੇ ਦੀ ਭੱਠੀ 'ਚ ਪੱਕ ਕੇ ਕੁੰਦਨ ਬਣ ਜਾਂਦੇ ਹਨ ਪਰ ਕੁਝ ਇਸ ਤੋਂ ਉਲਟ ਸਮੇਂ ਦੀ ਮਾਰ ਨਾ ਝੱਲਦੇ ਸਭ ਕੁਝ ਛੱਡ ਕੇ ਹੌਂਸਲਾ ਪ੍ਰਸਤ ਬਣ ਜਾਂਦੇ ਹਨ।


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਅਜਿਹਿਆਂ ਲਈ ਫਿਰ ਨਸ਼ੇ ਤੇ ਬੇਗੈਰਤ ਗੁਲਾਮੀ ਹੀ ਆਖਰੀ ਸਮੇਂ ਵਜੋਂ ਬਾਕੀ ਬਚਦੀ ਹੈ। ਅਜਿਹੇ ਲੋਕਾਂ ਲਈ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਤੰਦਾਂ ਬੇਹੱਦ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ। ਜ਼ਿੰਦਗੀ ਨੂੰ ਜਿਊਣ ਤੇ ਮਾਨਣ ਵਿਚ ਬਹੁਤ ਫਰਕ ਹੈ। ਇਕ ਉਹ ਲੋਕ ਹਨ ਜੋ ਜ਼ਿੰਦਗੀ ਨੂੰ ਸਿਰਫ ਜਿਊਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦਿਨ ਵਿਚ ਕੀ ਬੁਰਾ ਕੀਤਾ, ਕੀ ਚੰਗਾ ਕੀਤਾ, ਕਿਸ ਨਾਲ ਧੋਖਾ ਕੀਤਾ, ਕਿਸ ਦਾ ਦਿਲ ਤੋੜਿਆ? ਝੂਠ, ਫਰੇਬ ਤੇ ਬੇਈਮਾਨੀ ਦੀ ਕਮਾਈ ਤੋਂ ਜਨਮੀ ਖੁਸ਼ੀ ਸਿਰਫ ਕੁਝ ਪਲ ਦੀ ਹੀ ਉਮਰ ਰੱਖਦੀ ਹੈ ਤੇ ਮਨ ਦਾ ਚੈਨ ਤੇ ਰਾਤਾਂ ਦੀ ਨੀਂਦ ਵੀ ਫਿਰ ਔਖਿਆਂ ਹੀ ਬਹੁੜਦੀ ਹੈ।

ਮਾੜੇ ਕਰਮ ਤੇ ਧੋਖਾ ਦਗੇ ਦਾ ਨਤੀਜਾ ਹਰ ਹਾਲ ਭੁਗਤਣਾ ਪੈਂਦਾ ਹੈ ਤੇ ਚਾਹੇ ਹੁਣ ਚਾਹੇ ਪਿਛੋਂ। ਅਜਿਹੇ ਨਿੱਜੀ ਲੋਭ, ਮੋਹ, ਸਮੇਂ ਤੇ ਸੰਘਰਸ਼ ਦੀ ਘੋੜ-ਦੌੜ ਵਿਚ ਸੰਸਕਾਰਾਂ ਤੇ ਰੱਬੀ ਕਿਰਤ ਤੋਂ ਸੱਖਣੇ ਰਹਿੰਦੇ ਹਨ। ਇਨ੍ਹਾਂ ਲਈ ਸਿਰਫ ਨੀਰਸ ਜਿਹੀ ਜ਼ਿੰਦਗੀ ਨੂੰ ਜਿਊਣਾ ਹੀ ਇਕ ਉਦੇਸ਼ ਰਹਿ ਜਾਂਦਾ ਹੈ। ਬਜ਼ੁਰਗਾਂ ਤੇ ਮਾਪਿਆਂ ਦੇ ਚਿਹਰਿਆਂ ਦੀਆਂ ਝੁਰੜੀਆਂ ਤੇ ਅੱਥਰੂ ਭਰੀਆਂ ਅੱਖਾਂ ਦੁੱਖ ਬਿਆਨ ਕਰਦੀਆਂ ਹਨ। ਉਹ ਅੱਖਾਂ ਵਿਚ ਵਿਲਕਣੀਆਂ ਭਰੇ ਹੋਏ ਸੋਚਦੇ ਤੇ ਲੋਚਦੇ ਦਿਖਦੇ ਹਨ ਕਿ ਕਾਸ਼ ਕਿਤੇ ਉਨ੍ਹਾਂ ਆਪਣੀ ਔਲਾਦ ਨੂੰ ਸਹੀ ਸੇਧ ਦਿੱਤੀ ਹੁੰਦੀ। ਸਹੀ ਸੰਸਕਾਰ ਦਿੱਤੇ ਹੁੰਦੇ।

ਅਗਲੀ ਪੀੜ੍ਹੀ ਨੂੰ ਸਹੀ ਜ਼ਿੰਦਗੀ ਜਿਊਣ ਤੇ ਮਾਨਣ ਦਾ ਮਨੋਰਥ ਸਮਝਾਉਣਾ ਮਾਤਾ ਪਿਤਾ ਦੇ ਹੀ ਹੱਥ ਵਸ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜ-ਸਿੰਘਾਸਨ ਤੇ ਤਖਤੋ-ਤਾਜ ਐਵੇਂ ਇਕ ਦੋ ਦਿਨਾਂ 'ਚ ਨਹੀਂ ਬਣ ਜਾਂਦੇ। ਇਨ੍ਹਾਂ ਪਿੱਛੇ ਲੰਬੇ ਸਮਿਆਂ ਦੀ ਹੱਡ ਭੰਨਵੀਂ ਮਿਹਨਤ, ਜੱਦੋ-ਜਹਿਦ ਤੇ ਅਣਥੱਕ ਯਤਨ ਬੋਲਦੇ ਹਨ। ਬੱਚਿਆਂ ਨੂੰ ਛੋਟੀ ਉਮਰੇ ਹੀ ਕਿਰਤ, ਨਾਮ ਸਿਮਰਨ, ਸੱਚ ਤੇ ਸ਼ੁਭ ਗੁਣਾਂ ਦੇ ਬੀਜਾਂ ਨਾਲ ਪਰਵਰਿਸ਼ ਕਰਨੀ ਚਾਹੀਦੀ ਹੈ ਤਾਂ ਜੋ ਜਵਾਨੀ ਦੀ ਸਰਦਲ ਤੇ ਪਹੁੰਚਦੇ ਹੀ ਉਹ ਸੋਚੇ ਕਿ ਉਸ ਦਾ ਲਿਆ ਕੋਈ ਵੀ ਫੈਸਲਾ ਕਿਤੇ ਪਛਤਾਵਾ ਨਾ ਲੈ ਕੇ ਆਵੇ।

ਸਾਰੀ ਉਮਰੇ ਉਸ ਨੂੰ ਗਮੀ ਤੇ ਮਾਂ-ਬਾਪ ਨੂੰ ਅੱਥਰੂਆਂ ਦਾ ਹੜ੍ਹ ਨਾ ਝਾਗਣਾ ਪਵੇ। ਜ਼ਿੰਦਗੀ ਨੂੰ ਹੰਢਾਉਣਾ ਵੀ ਇਕ ਮਹਾਨ ਕਾਰਜ ਹੈ। ਇਸ ਸ਼੍ਰੇਣੀ ਦੇ ਲੋਕ ਉਹ ਹਨ ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਸੰਸਕਾਰ, ਨਾਮ-ਸਿਮਰਨ, ਕਿਰਤ-ਸੱਚ ਦੇ ਬੀਜ ਆਪਣੀ ਪਿਛਲੀ ਪੀੜ੍ਹੀ ਤੋਂ ਲਏ ਤੇ ਅਗਲੀ ਲਈ ਬੀਜੇ ਹੁੰਦੇ ਹਨ ਤੇ ਉਹ ਉਮਰਾਂ ਦੇ ਤਜ਼ਰਬੇ ਤੇ ਵਿਸ਼ਵਾਸ ਦੇ ਪਾਣੀ ਨਾਲ ਸਿਜਦੇ ਹਨ। ਦੁੱਖ-ਸੁੱਖ ਦੇ ਤਾਪ, ਸਬਰ, ਭਜਨ-ਬੰਦਗੀ ਤੇ ਸੰਤੁਸ਼ਟੀ ਦੇ ਮਿਸ਼ਰਨ ਨਾਲ ਕੁੰਦਨ ਜਿਹੇ ਬਣ ਜਾਂਦੇ ਹਨ। ਜ਼ਿੰਦਗੀ ਨੂੰ ਜਿਊਣ, ਮਾਨਣ ਤੇ ਹੰਢਾਉਣ ਲਈ ਸਹੀ ਸੰਸਕਾਰ, ਸੱਚ, ਇਮਾਨਦਾਰੀ, ਸਬਰ, ਸੰਤੋਖ, ਕਿਰਤ ਤੇ ਨਾਮ ਦੀ ਸੋਝੀ ਦੀ ਗੁੜਤੀ ਤੇ ਜਾਗ ਅਜਿਹੇ ਗੁਣਾਂ ਦੇ ਧਾਰਨੀ ਮਾਪੇ ਹੀ ਦੇ ਸਕਦੇ ਹਨ।

# ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।



1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ-** ਜੂਨ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜੂਨ ਮਹੀਨੇ ਦੀ ਕੁੱਲ ਆਮਦਨ - 6,47,082.00 /- ਰੁਪਏ

ਜੂਨ ਮਹੀਨੇ ਦਾ ਕੁੱਲ ਖਰਚਾ-6,93,390.87/- ਰੁਪਏ

2. **ਜੂਨ ਮਹੀਨੇ ਦੀ ਸੰਗਰਾਂਦ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 15.06.2025 ਨੂੰ ਹਾੜ ਮਹੀਨੇ ਦੀ ਸੰਗਰਾਂਦ ਬੜੇ ਹੀ ਸ਼ਰਧਾਪੂਰਵਕ ਮਨਾਈ ਗਈ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰਸਭਿੰਨਾਂ ਕੀਰਤਨ ਕਰਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਆਪਣੀ ਭਰਪੂਰ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦਾ ਕੰਮ ਚੰਗੇ ਤਰੀਕੇ ਨਾਲ ਕੀਤਾ ਜਾ ਰਿਹਾ ਹੈ ਅਤੇ ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਇਸ ਕੰਮ ਨੂੰ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਕਾਫ਼ੀ ਮਰੀਜ਼ ਇਥੇ ਦੀਆਂ ਡੈਂਟਲ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਸੰਤ ਪ੍ਰੇਮ ਜੀ ਮੁਰਾਲੇ ਵਾਲਿਆਂ ਦੀ 75ਵੀਂ ਬਰਸੀ ਸਮਾਗਮ ਬਾਰੇ** - ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 75ਵੀਂ ਸਲਾਨਾ ਬਰਸੀ 21.06.2025 ਦਿਨ ਸ਼ਨੀਵਾਰ ਨੂੰ ਲੁਬਾਣਾ ਭਵਨ ਵਿਖੇ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਈ ਗਈ। ਇਸ ਮੌਕੇ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜਥੇ ਵੱਲੋਂ ਬਹੁਤ ਹੀ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ। ਇਸ ਸਮਾਗਮ ਵਿਚ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਸਮਾਗਮ ਵਿਚ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਵੱਲੋਂ ਬੜਾ ਵਿਸਤਾਰਪੂਰਵਕ ਸੰਤਾਂ ਦੇ ਜੀਵਨ ਅਤੇ ਉਦੇਸ਼ਾਂ ਪ੍ਰਤੀ ਸੰਬੋਧਨ ਕੀਤਾ ਗਿਆ। ਡਾ. ਜਸਵੰਤ ਸਿੰਘ ਬੇਗੋਵਾਲ ਸਾਬਕਾ ਪ੍ਰੋਫੈਸਰ ਹਿਸਟਰੀ ਵੋਮੈਨ ਕਾਲਜ ਕਪੂਰਥਲਾ ਵੱਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਤਾਰਪੂਰਵਕ ਚਾਨਣਾ ਪਾਇਆ ਗਿਆ। ਅਤੇ ਹੋਰ ਕਈ ਸਿਰਮੌਰ ਹਸਤੀਆਂ ਵੀ ਇਸ ਮੌਕੇ ਤੇ ਪਹੁੰਚੀਆਂ। ਸ. ਭਗਵਾਨ ਸਿੰਘ ਲੁਬਾਣਾ ਡਿਪਟੀ ਚੀਫ਼ ਇੰਜੀਨੀਅਰ (ਰਿਟਾ.) ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸੰਤਾਂ ਦੀ ਜੀਵਨੀ ਸੰਬੰਧੀ ਚਾਨਣਾ ਪਾਇਆ ਗਿਆ ਅਤੇ ਸਮੂਹ ਸਾਧ ਸੰਗਤ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਕੁਝ ਵਿਸ਼ੇਸ਼ ਸ਼ਖ਼ਸ਼ੀਅਤਾਂ ਨੂੰ ਫਾਊਂਡੇਸ਼ਨ ਦੀ ਸਮੁੱਚੀ ਮੈਨੇਜਮੈਂਟ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇੰਜੀ. ਪਰਮਿੰਦਰਜੀਤ ਸਿੰਘ ਵੱਲੋਂ ਵੀ ਸੰਤਾਂ ਨੂੰ ਸੰਬੋਧਨ ਕੀਤਾ ਗਿਆ। ਸਟੇਜ਼ ਸਕੱਤਰ ਦੀ ਸੇਵਾ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਨੇ ਬਾਖ਼ੂਬੀ ਨਿਭਾਈ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

5. **ਬੇਗੋਵਾਲ ਸਮਾਗਮ ਵਿਚ ਸ਼ਮੂਲੀਅਤ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਅਤੇ ਸਮੂਹ ਮੈਨੇਜਮੈਂਟ ਨੇ 3 ਜੂਨ 2025 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਬੇਗੋਵਾਲ ਵਿਚ ਸਥਿਤ ਡੇਰੇ ਤੇ ਪਹੁੰਚ ਕੇ ਉੱਥੇ ਚਲ ਰਹੇ ਸਮਾਗਮ ਵਿਚ ਹਾਜ਼ਰੀ ਭਰੀ ਅਤੇ ਸੰਤਾਂ ਦੀ ਯਾਦ ਵਿਚ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉੱਥੇ ਮਾਨਯੋਗ ਬੀਬੀ ਜਗੀਰ ਕੌਰ ਜੀ ਨੇ ਸਾਡੇ ਪ੍ਰਧਾਨ ਭਗਵਾਨ ਸਿੰਘ ਲੁਬਾਣਾ ਅਤੇ ਸਮੂਹ ਮੈਨੇਜਮੈਂਟ ਨੂੰ ਬਹੁਤ ਹੀ ਆਦਰ ਸਹਿਤ ਸਨਮਾਨਿਤ ਕੀਤਾ।

6. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਇਸ ਸਕੀਮ ਦੇ ਅਧੀਨ 11 ਵਿਦਿਆਰਥੀਆਂ ਨੂੰ 72,000/- ਰੁਪਏ ਦੀ ਰਾਸ਼ੀ ਪ੍ਰਧਾਨ ਜੀ ਦੀ ਮਨਜ਼ੂਰੀ ਦੇ ਬਾਅਦ ਅਦਾ ਕਰ ਦਿੱਤੀ ਗਈ। ਇਹ ਭਲਾਈ ਦੀ ਸਕੀਮ ਨਿਰੰਤਰ ਜਾਰੀ ਹੈ ਅਤੇ ਹੋਰ ਵੀ ਵਿਦਿਆਰਥੀਆਂ ਨੂੰ ਜਲਦੀ ਹੀ ਮਾਲੀ ਸਹਾਇਤਾ ਦਿੱਤੀ ਜਾਵੇਗੀ। ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਯੋਗ ਅਤੇ ਗਰੀਬ ਘਰਾਂ ਦੇ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਨ।

7. **ਦਸਤਾਵੇਜ਼ਾਂ ਦੀ ਪ੍ਰਾਪਤੀ** - ਲਗਾਤਾਰ ਕੋਸ਼ਿਸ਼ਾਂ ਦੇ ਬਾਅਦ ਲੁਬਾਣਾ ਭਵਨ ਦੇ ਸੀਵਰੇਜ ਕਨੈਕਸ਼ਨ ਸਰਟੀਫ਼ਿਕੇਟ, ਇਸ ਭਵਨ ਦੀ ਬਿਲਡਿੰਗ ਦਾ ਕਮਲੀਸ਼ਨ (Completion) ਸਰਟੀਫ਼ਿਕੇਟ ਅਤੇ ਪੁਰਾਣੇ ਸੈਂਕਸ਼ਨਲ ਪਲਾਨ, ਇਸਟੇਟ ਆਫ਼ਿਸ, ਚੰਡੀਗੜ੍ਹ ਤੋਂ ਪ੍ਰਾਪਤ ਕੀਤੇ ਗਏ ਅਤੇ ਕਰਨਲ ਗੁਰਦੀਪ ਸਿੰਘ, ਵਾਇਸ ਪ੍ਰਧਾਨ (ਹੈ.ਕੁ.) ਦੁਆਰਾ ਬੀ.ਐਮ.ਐਸ.ਐਲ. ਫ਼ਾਊਂਡੇਸ਼ਨ ਦੇ ਦਫ਼ਤਰ ਵਿਚ ਪੇਸ਼ ਕੀਤੇ ਗਏ ਤਾਂ ਕਿ ਰਿਵਾਇਸਡ ਬਿਲਡਿੰਗ ਪਲਾਨ ਜਲਦੀ ਹੀ ਪਾਸ ਕਰਾਈ ਜਾ ਸਕੇ।

8. **ਭਵਨ ਦੇ ਏ.ਸੀ. ਦੀ ਸਰਵਿਸ ਸੰਬੰਧੀ** - ਲੁਬਾਣਾ ਭਵਨ, ਚੰਡੀਗੜ੍ਹ ਵਿਚ ਮੌਜੂਦਾ ਏ.ਸੀ. ਦੀ ਸਰਵਿਸ ਕਰਵਾ ਲਈ ਗਈ ਹੈ।

**ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।**

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

4. **ਕਨਵੀਨਰ ਸਮਾਜ ਸੁਧਾਰ ਕਮੇਟੀ** : ਮਿਤੀ 6.11.2004 ਨੂੰ ਫਾਊਂਡੇਸ਼ਨ ਦੀ ਕਾਰਜਕਾਰਨੀ ਦੀ ਹੋਈ ਮੀਟਿੰਗ ਵਿੱਚ ਮੇਰੇ ਵੱਲੋਂ ਪੇਸ਼ ਕੀਤਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਮਤੇ ਵਿੱਚ ਲੁਬਾਣਾ ਬਰਾਦਰੀ ਵਿੱਚ ਸਮਾਜਿਕ ਕਾਰਜਾਂ ਵਿੱਚ ਦਾਜ ਦਹੇਜ, ਅਤਿ ਦਰਜੇ ਦੀ ਫਜ਼ੂਲ ਖਰਚੀ, ਧਨ ਦੇ ਵਿਖਾਵੇ, ਭਰੂਨ ਹੱਤਿਆ, ਬੱਚਿਆਂ ਵਿੱਚ ਵਧਦੇ ਡਰੱਗ ਸੇਵਨ ਆਦਿ ਵਰਗੀਆਂ ਕੁਰੀਤੀਆਂ ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਦੀ ਰੋਕਥਾਮ ਲਈ ਫਾਊਂਡੇਸ਼ਨ ਦੀ ਵਚਨ ਬਧਤਾ ਦੁਹਰਾਈ ਗਈ ਅਤੇ ਮਿਤੀ 6.5.2006 ਨੂੰ ਫਾਊਂਡੇਸ਼ਨ ਵੱਲੋਂ ਸਮਾਜ ਸੁਧਾਰ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਦਾ ਪਹਿਲਾ ਕਨਵੀਨਰ ਵੀ ਮੈਨੂੰ ਨਾਮਜ਼ਦ ਕੀਤਾ ਗਿਆ। ਬਰਾਦਰੀ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਦੋ ਤਿੰਨ ਸਾਲਾਂ ਲਈ ਸਮਾਜ ਸੁਧਾਰ ਕਮੇਟੀ ਦੀਆਂ ਕਪੂਰਥਲਾ, ਗੁਰਦਾਸਪੁਰ, ਮੁਕੇਰੀਆਂ, ਹਰਿਆਣਾ, ਜੰਮੂ, ਕਾਹਨੂੰਵਾਨ ਆਦਿ ਵਿਖੇ ਮੀਟਿੰਗਾਂ ਹੁੰਦੀਆਂ ਰਹੀਆਂ ਜਿਨ੍ਹਾਂ ਨੂੰ ਬਰਾਦਰੀ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਹਰ ਥਾਂ ਖੁਲ੍ਹ ਕੇ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਪਰ ਬਾਅਦ ਵਿੱਚ ਬਣੀਆਂ ਕਾਰਜਕਾਰਨੀ ਕਮੇਟੀਆਂ ਵੱਲੋਂ ਇਸ ਸੰਦਰਭ ਵਿੱਚ ਕੋਈ ਵਿਸ਼ੇਸ਼ ਆਦੇਸ਼ ਜਾਰੀ ਨਾ ਹੋ ਸਕੇ।

5. **ਸਨਮਾਨ** : ਮਿਤੀ 2.12.2000 ਨੂੰ ਸਿਰੋਪਾਉ, ਸਨਮਾਨ ਚਿੰਨ ਅਤੇ ਮਾਨ ਪੱਤਰ ਦੇ ਕੇ ਫਾਊਂਡੇਸ਼ਨ ਦੇ ਉਦੇਸ਼ਾਂ ਦੀ ਪੂਰਤੀ ਅਤੇ ਲੁਬਾਣਾ ਸੇਵਕ ਦੇ ਸੰਪਾਦਿਕ ਵਜੋਂ ਨਿਭਾਈ ਸੇਵਾ ਲਈ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਫਾਊਂਡੇਸ਼ਨ ਦੇ ਪ੍ਰਧਾਨ ਸ. ਗੁਰਬਖਸ਼ ਸਿੰਘ ਮੁਲਤਾਨੀ ਆਈ.ਏ.ਐਸ. ਵੱਲੋਂ ਕੀਤਾ ਗਿਆ।

6. **ਮੈਂਬਰ ਐਗਜ਼ੈਕਟਿਵ ਕਮੇਟੀ** : 28.01.1979 ਤੋਂ 15.12.2010 ਤੱਕ ਲਗਭਗ 32 ਸਾਲਾਂ ਲਈ।

7. **ਮੀਤ ਪ੍ਰਧਾਨ ਚੁਣਿਆ ਗਿਆ** : 27.10.1979, 11.12.1983, 3.4.1988 ਤੋਂ ਲਗਭਗ 12 ਸਾਲਾਂ ਲਈ।

8. **ਸੀਨੀਅਰ ਮੀਤ ਪ੍ਰਧਾਨ** : 12.10.2004 ਤੋਂ ਲਗਭਗ 4 ਸਾਲਾਂ ਲਈ।

9. **ਆਨਰੇਰੀ ਪੈਟਰਨ ਨਿਯੁਕਤ** : ਮਿਤੀ 19.5.2006 ਤੋਂ ਉਮਰ ਭਰ ਲਈ। ਜੀਵਨ ਵਿੱਚ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਉਚ ਕੋਟੀ ਦੀ ਪਦਵੀ/ ਪ੍ਰਾਪਤੀ ਲਈ ਫਾਊਂਡੇਸ਼ਨ ਵੱਲੋਂ ਸਭ ਤੋਂ ਉੱਤਮ ਸਨਮਾਨ।

10. **ਮਾਇਕ ਸੇਵਾ** : ਫਾਊਂਡੇਸ਼ਨ ਦੇ ਕਾਰਜਾਂ ਲਈ ਮੇਰੇ ਪਰਿਵਾਰ ਵੱਲੋਂ ਯਥਾ ਸ਼ਕਤ ਮਾਇਕ ਸੇਵਾ ਨਿਭਾਈ ਜਾਂਦੀ ਰਹੀ।

ਚੰਡੀਗੜ੍ਹ ਵਰਗੇ ਮਾਡਰਨ ਸ਼ਹਿਰ ਵਿੱਚ 1.4 ਏਕੜ (13 ਕਨਾਲ ਤੋਂ ਵੱਧ) ਪਲਾਟ ਤੇ 460 ਸੀਟਾਂ ਵਾਲੇ ਏ.ਸੀ. ਆਡੀਟੋਰੀਅਮ, ਕਈ ਵੱਡੇ ਛੋਟੇ ਹਾਲ, ਆਰਾਮ ਦੇਹ ਏ.ਸੀ. ਕਮਰਿਆਂ, ਲਾਇਬ੍ਰੇਰੀ, ਵੱਡਾ ਗੁਰੂ ਘਰ ਅਤੇ ਸੁੰਦਰ ਵੇਲ ਬੂਟੇ ਅਤੇ ਫੁਲਾਂ ਵਾਲੀ ਪਾਰਕ ਵਾਲੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨਿਰਮਾਣ ਦੀ ਸੇਵਾ ਨਿਭਾਉਣ ਵਾਲੇ ਕਾਰਕੁੰਨਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹ ਕੇ ਸਾਰੇ ਸੰਸਾਰ ਵਿੱਚ ਬਰਾਦਰੀ ਦਾ ਨਾਮ ਰੋਸ਼ਨ ਕੀਤਾ ਹੈ। ਇਹ ਸਾਡਾ ਤੀਰਥ ਅਸਥਾਨ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਤੇ ਮਾਣ ਹੈ।

2. **ਬਾਬਾ ਮੱਖਣ ਸ਼ਾਹ ਲੁਬਾਣਾ ਵੈੱਲਫੇਅਰ ਸੁਸਾਇਟੀ (ਰਜਿ.) ਜਲੰਧਰ** : ਇਹ ਵੈਲਫੇਅਰ ਸੁਸਾਇਟੀ ਨੰ : ਡੀ.ਆਈ.ਸੀ/ਜਅਲ/235 ਅਧੀਨ ਮਿਤੀ 16.10.2001 ਨੂੰ ਰਜਿਸਟਰ ਕਰਵਾਈ ਗਈ ਸੀ। ਅਰਬਨ ਐਸਟੇਟ ਫੇਜ਼-2 ਦੇ ਨੇੜੇ ਫੋਲੜੀਵਾਲ ਰੋਡ ਤੇ ਸੰਸਥਾ ਦਾ ਸੰਤ ਪ੍ਰੇਮ ਸਿੰਘ (ਮੁਰਾਲਾ) ਕੰਪਲੈਕਸ ਉਸਾਰੀ ਅਧੀਨ ਹੈ। ਇਹ ਇਕ 4 1/2 ਕਨਾਲ ਦਾ ਪਲਾਟ ਹੈ ਜਿਸ ਵਿੱਚੋਂ ਇਸ ਪ੍ਰੇਮ ਨਗਰ ਕਾਲੋਨੀ ਦੇ ਮਾਲਿਕ ਸ. ਜਸਵਿੰਦਰ ਸਿੰਘ ਬਿੱਲਾ ਜੀ ਜੋ ਜਲੰਧਰ ਕਾਰਪੋਰੇਸ਼ਨ ਦੇ ਕੌਂਸਲਰ ਵੀ ਹਨ, ਨੇ 2 ਕਨਾਲ ਪਲਾਟ ਦਾਨ ਵਜੋਂ ਸੁਸਾਇਟੀ ਨੂੰ ਭੇਟ ਕੀਤਾ ਹੈ। ਇਹ ਸੁਸਾਇਟੀ ਸ. ਮਨਜੀਤ ਸਿੰਘ ਐਸ.ਈ., ਡਾ. ਕਰਨੈਲ ਸਿੰਘ, ਸ. ਅਵਤਾਰ ਸਿੰਘ ਜੌਆਇੰਟ ਡਾਇਰੈਕਟਰ ਨੇ ਆਪਣੇ ਕੁਝ ਹੋਰ ਸਾਥੀਆਂ ਨਾਲ ਮਿਲ ਕੇ ਸ਼ੁਰੂ ਕੀਤੀ ਸੀ ਜੋ ਹੁਣ ਜਲੰਧਰ ਵਿਖੇ ਬਰਾਦਰੀ ਦੀ ਸਿਰਮੌਰ ਸੰਸਥਾ ਮੰਨੀ ਜਾਂਦੀ ਹੈ। ਇਸ ਦੇ ਪ੍ਰਬੰਧਕੀ ਦਫਤਰ, ਗੁਰਦੁਆਰਾ ਸਾਹਿਬ ਅਤੇ ਮੁੱਖ ਹਾਲ ਦੀ ਉਸਾਰੀ ਤੇ ਹੁਣ ਤੱਕ ਲਗਭਗ 75 ਲੱਖ ਰੁਪਏ ਖਰਚ ਹੋ ਚੁੱਕੇ ਹਨ। ਕਪੂਰਥਲਾ ਤੋਂ ਮੇਰੇ ਪਰਿਵਾਰ ਵੱਲੋਂ ਵੀ 57500 ਰੁਪਏ ਭੇਟਾ ਕਰਕੇ ਗੁਰੂ ਘਰ ਦੇ ਮਹਾਨ ਬਾਬਿਆਂ ਦੀਆਂ ਖੁਸ਼ੀਆਂ ਲਈਆਂ ਹਨ। ਇਸ ਵੈਲਫੇਅਰ ਸੁਸਾਇਟੀ ਵੱਲੋਂ ਮਿਤੀ 1.4.2007 ਤੋਂ ਦਾਸ ਨੂੰ ਜੀਵਨ ਭਰ ਲਈ ਸੁਸਾਇਟੀ ਦਾ ਆਨਰੇਰੀ ਪੈਟਰਨ ਨਿਯੁਕਤ ਕੀਤਾ ਹੈ, ਜਿਸ ਲਈ ਮੈਂ ਇਸ ਸੰਸਥਾ ਦਾ ਸ਼ੁਕਰ ਗੁਜ਼ਾਰ ਹਾਂ।

**(ਚਲਦਾ)**

**ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।**

# ਸਰਕਾਰ ਦੇ ਦਾਅਵੇ, ਭਾਰਤੀ ਕਿਸਾਨਾਂ ਦੀ ਸਥਿਤੀ


**ਗੁਰਮੀਤ ਸਿੰਘ ਪਲਾਹੀ**

**98158-02070**




ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਖੇਤੀ ਖੇਤਰ ਮਜ਼ਬੂਤ ਹੈ, ਪਰ ਸਵਾਲ ਉਠ ਰਿਹਾ ਹੈ ਕਿ ਕੀ ਦੇਸ਼ ਦੇ ਕਿਸਾਨ ਦਾ ਜੀਵਨ ਮਜ਼ਬੂਤ ਹੈ?

ਨਾਵਾਰਡ ਦੀ 2021-22 ਦੀ ਰਿਪੋਰਟ ਪੜ੍ਹੋ, ਜੋ ਸਪੱਸ਼ਟ ਕਹਿੰਦੀ ਹੈ ਕਿ ਲਗਭਗ 55 ਫ਼ੀਸਦੀ ਖੇਤੀ ਪਰਿਵਾਰ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਹਰ ਪਰਿਵਾਰ 'ਤੇ ਔਸਤਨ ਬਕਾਇਆ ਕਰਜ਼ਾ 9,1231 ਰੁਪਏ ਹੈ।

3 ਫਰਵਰੀ 2025 ਨੂੰ ਲੋਕ ਸਭਾ ਵਿੱਚ ਸਰਕਾਰ ਦਾ ਦਿੱਤਾ ਬਿਆਨ ਸਪੱਸ਼ਟ ਕਰਦਾ ਹੈ ਕਿ 13.08 ਕਰੋੜ ਕਿਸਾਨਾਂ ਨੇ ਵਪਾਰਕ ਬੈਂਕਾਂ ਤੋਂ 27,67,346 ਕਰੋੜ ਰੁਪਏ ਕਰਜ਼ਾ ਲਿਆ ਹੈ, ਜਦਕਿ 3.34 ਕਰੋੜ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ 2,65,419 ਕਰੋੜ ਰੁਪਏ ਅਤੇ 2.31 ਕਰੋੜ ਕਿਸਾਨਾਂ ਨੇ ਖੇਤੀ ਪੇਂਡੂ ਬੈਂਕਾਂ ਤੋਂ 3,19,881 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਦੇਸ਼ ਦੀ ਕੇਂਦਰ ਸਰਕਾਰ ਲਗਾਤਾਰ ਢੰਡੋਰਾ ਪਿੱਟਦੀ ਹੈ ਕਿ ਦੇਸ਼ ਦੇ ਕਿਸਾਨਾਂ ਨੂੰ ਪ੍ਰਤੀ ਤਿਮਾਹੀ ਕਿਸਾਨ ਸਨਮਾਨ ਰਾਸ਼ੀ ਦਿੰਦੀ ਹੈ, ਜੋ ਪ੍ਰਤੀ ਸਾਲ 6000 ਰੁਪਏ ਹੈ। ਅੰਕੜੇ ਦਸਦੇ ਹਨ ਕਿ 2022 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੁਲਾਈ) 'ਚ ਇਸ ਸਕੀਮ ਅਧੀਨ 10.47 ਕਰੋੜ ਕਿਸਾਨ ਰਜਿਸਟਰਡ ਸਨ। ਸਾਲ 2023 'ਚ ਘੱਟ ਕੇ ਇਹ ਗਿਣਤੀ 8.1 ਕਰੋੜ ਰਹਿ ਗਈ। ਇਹਨਾ 8.1 ਕਰੋੜ ਲੋਕਾਂ ਨੂੰ 15ਵੀਂ ਕਿਸ਼ਤ ਦਿੱਤੀ ਗਈ। ਪਰ ਸਰਕਾਰ ਦੇ ਅੰਕੜਿਆਂ ਤੇ ਦਾਅਵਿਆਂ 'ਚ ਵੱਡੀਆਂ ਤਰੁੱਟੀਆਂ ਦੀ ਝਲਕ ਪੈਂਦੀ ਹੈ, ਜਦੋਂ ਸਰਕਾਰ ਕਹਿੰਦੀ ਹੈ ਕਿ 19ਵੀਂ ਕਿਸ਼ਤ ਜੋ ਫਰਵਰੀ 2025 'ਚ ਦਿੱਤੀ ਗਈ, ਉਸ ਵਿੱਚ ਇਹ ਗਿਣਤੀ 9.8 ਕਰੋੜ ਹੋ ਗਈ। ਇਹ ਕਿਵੇਂ ਵਾਪਰਦਾ ਹੈ? ਕੀ ਇਹ ਅੰਕੜਿਆਂ ਦੀ ਖੇਡ ਨਹੀਂ ਹੈ?

ਪਰ ਇਸ ਵਿੱਚ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਕਿਸਾਨ ਭਾੜੇ 'ਤੇ ਖੇਤੀ ਕਰਦੇ ਹਨ, ਇਸ ਯੋਜਨਾ ਅਧੀਨ ਲਾਹਾ ਲੈਣ ਦੇ ਪਾਤਰ ਨਹੀਂ ਹਨ। ਕੀ ਇਹ ਬੇਇਨਸਾਫੀ ਨਹੀਂ ਹੈ?

ਕੇਂਦਰ ਸਰਕਾਰ ਦੀਆਂ ਸਕੀਮਾਂ ਕਹਿਣ ਲਈ ਤਾਂ ਕਿਸਾਨ ਹਿਤੈਸ਼ੀ ਹਨ, ਪਰ ਕਈ ਹਾਲਤਾਂ 'ਚ ਇਹ ਕਿਸਾਨਾਂ ਦੀ ਲੁੱਟ ਦਾ ਸਾਧਨ ਬਣੀਆਂ। ਉਦਾਹਰਨ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੈ। ਭਾਵੇਂ ਕਿ ਇਸ ਸਕੀਮ ਨੂੰ ਕਈ ਸੂਬਾ ਸਰਕਾਰਾਂ ਨੇ ਪ੍ਰਵਾਨ ਨਹੀ ਕੀਤਾ ਅਤੇ ਆਪਣੇ ਸੂਬਿਆਂ 'ਚ ਲਾਗੂ ਨਹੀਂ ਕੀਤਾ, ਪਰ ਜਿਥੇ ਲਾਗੂ ਕੀਤਾ ਗਿਆ, ਉਥੇ ਭਾਰੀ ਭਰਕਮ ਬੀਮਾ ਦੇਣ ਬਾਅਦ, ਜਦੋਂ ਫ਼ਸਲਾਂ ਦੇ ਖਰਾਬ ਹੋਣ 'ਤੇ ਕਲੇਮ ਪੇਸ਼ ਕੀਤੇ, ਤਾਂ 2019-20 ਵਿੱਚ ਇਹ 87 ਫ਼ੀਸਦੀ ਕਲੇਮ ਮਿਲੇ ਜਦਕਿ 2023-24 'ਚ ਇਹ ਕਲੇਮ 56 ਫ਼ੀਸਦੀ ਪਾਸ ਕੀਤੇ ਗਏ, ਕਿਉਂਕਿ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਇਸ ਬੀਮਾ 'ਚ ਸ਼ਾਮਿਲ ਕਰਨ ਦੀ ਮਨਜ਼ੂਰੀ ਮੌਜੂਦਾ ਸਰਕਾਰ ਵੱਲੋਂ ਦੇ ਦਿੱਤੀ ਗਈ। ਇੰਜ ਇਹ ਯੋਜਨਾ ਅਸਲ 'ਚ ਜਬਰਨ ਵਸੂਲੀ ਯੋਜਨਾ ਬਣ ਗਈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ, ਪਰ ਨੁਕਸਾਨ ਵੱਧ ਹੋ ਰਿਹਾ ਹੈ।

ਮਗਨਰੇਗਾ ਵਰਗੀ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਦਾ ਮੌਜੂਦਾ ਸਰਕਾਰ ਨੇ ਲੱਕ ਤੋੜ ਕੇ ਰੱਖ ਦਿੱਤਾ ਹੈ। 1.5 ਕਰੋੜ ਤੋਂ ਜਿਆਦਾ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ। ਕੰਮ ਜਿਹੜਾ ਪ੍ਰਤੀ 100 ਦਿਨਾਂ ਲਈ ਦੇਣਾ ਸੀ, ਉਹ ਮਸਾਂ 51 ਦਿਨ ਤੱਕ ਦਿੱਤਾ ਜਾ ਸਕਿਆ। ਇਸ ਵਿੱਚ ਛੋਟੇ ਕਿਸਾਨਾਂ ਨੂੰ ਕੁਝ ਦਿਨਾਂ ਦਾ ਰੁਜ਼ਗਾਰ ਮਿਲਦਾ ਸੀ। ਹੁਣ ਇਹ ਪੇਂਡੂ ਖੇਤਰ ਵਾਲੀ ਵਿਸ਼ੇਸ਼ ਯੋਜਨਾ, ਪੈਸਿਆਂ ਦੀ, ਘਾਟ ਵਾਲੀ ਯੋਜਨਾ ਬਣ ਕੇ ਰਹਿ ਗਈ ਹੈ। ਮੌਜੂਦਾ ਸਰਕਾਰ "ਕਿਸਾਨ ਵਿਰੋਧੀ ਸਰਕਾਰ" ਵਜੋਂ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸ ਦਾ ਦੇਸ਼ ਦੇ ਮਹੱਤਵਪੂਰਨ ਵਰਗ ਕਿਸਾਨਾਂ ਦੀ ਭਲਾਈ ਵੱਲ ਉਤਨਾ ਧਿਆਨ ਨਹੀਂ ਹੈ, ਜਿਤਨਾ ਧਿਆਨ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਲੇ ਇਸ ਵਰਗ ਨੂੰ ਦਿੱਤੇ ਜਾਣ ਦੀ ਲੋੜ ਹੈ। ਸਗੋਂ ਉਲਟਾ ਕਿਸਾਨ ਵਿਰੋਧੀ ਸਰਕਾਰੀ ਸੋਚ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਕਿਸਾਨਾਂ ਵਿਰੋਧੀ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤੇ ਗਏ, ਜਿਸ ਵਿੱਚ ਕਿਸਾਨਾਂ ਦੀ ਜ਼ਮੀਨ ਖੋਹੇ ਜਾਣ ਦੀ ਸਾਜਿਸ਼ ਦੀ ਝਲਕ ਸਪੱਸ਼ਟ ਨਜ਼ਰੀ ਪੈਂਦੀ ਸੀ।

ਦੇਸ਼ ਦੀ ਕੁੱਲ ਕਾਮਾ ਗਿਣਤੀ ਵਿੱਚ 45.76 ਫ਼ੀਸਦੀ ਕਾਮੇ ਕਿਸਾਨ ਹਨ, ਜਿਹੜੇ ਖੇਤੀ ਖੇਤਰ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ 'ਚ ਲੱਗੇ ਹੋਏ ਹਨ। ਇਹਨਾਂ ਕਿਸਾਨਾਂ ਵਿੱਚੋਂ 86 ਫ਼ੀਸਦੀ ਕਿਸਾਨ ਛੋਟੇ ਅਤੇ ਛੋਟੇ ਮੱਧ ਵਰਗੀ ਕਿਸਾਨ ਹਨ, ਜਿਹਨਾ ਕੋਲ ਇੱਕ ਹੈਕਟੇਅਰ (2.5 ਏਕੜ) ਜ਼ਮੀਨ ਤੋਂ ਵੀ ਘੱਟ ਦੀ ਮਾਲਕੀ ਹੈ। ਇਸੇ ਕਰਕੇ ਦੇਸ਼ 'ਚ ਬਹੁਤੇ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿੰਦੇ ਹਨ। ਵੱਡੀ ਮਿਹਨਤ ਕਰਨ ਦੇ ਬਾਵਜੂਦ ਵੀ ਫਸਲਾਂ ਲਈ ਪੂਰੀ ਕੀਮਤ ਨਾ ਮਿਲਣਾ ਇੱਕ ਕਾਰਨ ਹੈ। ਬੀਜਾਂ, ਖਾਦਾਂ ਦੀ ਵੱਧਦੀ ਕੀਮਤ, ਪਾਣੀ ਦੀ ਘਾਟ ਬੇਮੌਸਮੀ ਬਰਸਾਤ ਅਤੇ ਕਈ ਹੋਰ ਕਾਰਨਾਂ ਕਰਕੇ ਕਿਸਾਨ ਘਾਟੇ ਦੀ ਖੇਤੀ ਕਰਨ 'ਤੇ ਮਜ਼ਬੂਰ ਹੈ। ਖੇਤੀ ਲਈ ਪੂਰਾ ਪਰਿਵਾਰ ਮਿਹਨਤ ਕਰਦਾ ਹੈ, ਪਰ ਉਸ ਦੀ ਮਜ਼ਦੂਰੀ ਤੱਕ ਵੀ ਉਸ ਨੂੰ ਨਹੀਂ ਮਿਲਦੀ। ਕਿਸਾਨ ਜੱਥੇਬੰਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਜਿਸ ਅਧੀਨ ਉਹਨਾ ਨੂੰ ਫ਼ਸਲ ਉਤੇ ਲਾਗਤ ਉਪਰ 50 ਫ਼ੀਸਦੀ ਮਜ਼ਦੂਰੀ ਦਿੱਤੇ ਜਾਣ ਦਾ ਪ੍ਰਾਵਧਾਨ ਹੈ, ਪਰ ਸਰਕਾਰ ਵੱਲੋਂ ਇਸ ਜਾਇਜ਼ ਮੰਗ ਵੱਲ 'ਤੱਕਿਆ' ਵੀ ਨਹੀਂ ਜਾ ਰਿਹਾ। ਇਹੋ ਜਿਹੇ ਹਾਲਾਤਾਂ ਵਿੱਚ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਦੀ ਗੁੰਜਾਇਸ਼ ਹੀ ਨਹੀਂ ਬਚਦੀ। ਇਹ ਹਾਲਾਤ ਚੁਣੌਤੀਪੂਰਨ ਹਨ।

ਪ੍ਰਧਾਨ ਮੰਤਰੀ ਦੀ ਇੱਕ ਯੋਜਨਾ ਤਹਿਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸੀਮਾ 5 ਲੱਖ ਰੁਪਏ ਕਰ ਦਿੱਤੀ ਹੈ, ਕਿਸਾਨਾਂ ਨੂੰ ਆਤਮ

ਨਿਰਭਰਤਾ ਵਧਾਉਣ ਲਈ ਦਾਲਾਂ ਅਤੇ ਕਪਾਹ ਦੀ ਖੇਤੀ ਵੱਲ ਪ੍ਰੇਰਿਤ ਕਰਨ ਦਾ ਯਤਨ ਹੋ ਰਿਹਾ ਹੈ, ਪਰ ਛੋਟੇ ਤੇ ਛੋਟੇ ਮੱਧ ਵਰਗੀ ਕਿਸਾਨਾਂ ਦੇ ਹਾਲਤ ਸੁਧਾਰ ਨਹੀਂ ਰਹੇ। ਕਿਸਾਨ ਦੀ ਸਥਿਤੀ ਵਿਸ਼ਵ ਦੇ ਕਿਸਾਨਾਂ ਦੀ ਸਥਿਤੀ ਨਾਲੋਂ ਅਤਿਅੰਤ ਕਮਜ਼ੋਰ ਹੈ, ਕਿਉਂਕਿ ਆਮ ਕਿਸਾਨ ਦੀ ਪਹੁੰਚ 'ਚ ਨਾ ਤਾਂ ਆਧੁਨਿਕ ਸੰਦ ਹਨ ਅਤ ਨਾ ਹੀ ਮੰਡੀ ਤੱਕ ਜਾਇਜ਼ ਪਹੁੰਚ। ਜਿਸ ਕਾਰਨ ਉਹ ਬੁਰੀ ਤਰ੍ਹਾਂ ਲੁਟਿਆ ਜਾ ਰਿਹਾ ਹੈ।

ਆੜਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਆਪਣੇ ਖੇਤ ਵਿੱਚ ਮਿਹਨਤ ਨਾਲ ਉਗਾਉਂਦਾ ਹੈ, ਉਹਨਾ ਫ਼ਸਲਾਂ ਵੱਟੇ ਉਸ ਨੂੰ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਿਕ ਸਥਿਤੀ ਇਹ ਬਣਦੀ ਹੈ ਕਿ ਉਸਨੂੰ ਆਪਣੀ ਜੀਵਨ-ਲੀਲਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।

ਕਿਸਾਨ ਦੀ ਜ਼ਿੰਦਗੀ ਜ਼ਮੀਨ, ਮੌਸਮ ਅਤੇ ਰੁੱਤਾਂ ਦੁਆਲੇ ਘੁੰਮਦੀ ਹੈ। ਉਹ ਕੁਦਰਤ ਨਾਲ ਹਰ ਪਲ ਵਾ-ਵਾਸਤਾ ਹੈ, ਕਿਉਂਕਿ ਉਹ ਹੀ ਉਸਨੂੰ ਖ਼ੁਸ਼ੀਆਂ ਦਿੰਦੀ ਹੈ ਅਤੇ ਉਹ ਹੀ ਉਹਦਾ ਜੀਵਨ ਜੀਊਣਾ ਦੁੱਭਰ ਕਰਦੀ ਹੈ। ਖੇਤੀ ਨਾਲ ਜਦੋਂ ਤੋਂ ਖਾਦਾਂ, ਕੀਟਨਾਸ਼ਕਾਂ, ਰਾਹੀ ਖਿਲਵਾੜ ਸ਼ੁਰੂ ਹੋਇਆ ਹੈ, ਕਿਸਾਨ ਦੀ ਜ਼ਿੰਦਗੀ ਹੋਰ ਵੀ ਔਖੀ ਤੇ ਚੁਣੌਤੀਆਂ ਭਰਪੂਰ ਹੋਈ ਹੈ। ਧਰਤੀ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਘਾਟ ਕਾਰਨ ਬੰਜ਼ਰ ਬਣਦੀ ਜਾ ਰਹੀ ਹੈ ਅਤੇ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ। ਖੇਤੀ ਯੋਗ ਭੂਮੀ ਜਿਥੇ ਭੈੜੀਆਂ ਮੌਸਮੀ ਹਾਲਾਤਾਂ ਦਾ ਸ਼ਿਕਾਰ ਹੋ ਰਹੀ ਹੈ, ਉਥੇ ਕਾਰਪੋਰੇਟ ਸੈਕਟਰ ਅਤੇ ਸਰਕਾਰ ਰਲਕੇ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਮ ਉੱਤੇ ਇਸ ਨੂੰ ਕਿਸਾਨਾਂ ਤੋਂ ਹਥਿਆ ਰਹੇ ਹਨ, ਜਿਸ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੋਰ ਵੀ ਵਧ ਰਹੀਆਂ ਹਨ। ਵੱਡੀ ਗਿਣਤੀ ਕਿਸਾਨ ਖੇਤੀ ਤੋਂ ਵਾਂਝੇ ਕੀਤੇ ਜਾ ਰਹੇ ਹਨ।

ਭਾਰਤ ਵਿਸ਼ਵ ਦੇ ਤਿੰਨ ਇਹੋ ਜਿਹੇ ਦੇਸ਼ਾਂ 'ਚ ਸ਼ਾਮਲ ਹੈ, ਜਿਥੇ ਕਿਸਾਨ ਕਣਕ, ਚਾਵਲ, ਦਾਲਾਂ, ਫਲ, ਕਪਾਹ ਪੈਦਾ ਕਰਦੇ ਹਨ। ਇਥੇ ਪ੍ਰਤੀ ਹੈਕਟੇਅਰ ਫ਼ਸਲਾਂ ਦੀ ਪੈਦਾਵਾਰ ਵਿਸ਼ਵ ਪੱਧਰ 'ਤੇ ਘੱਟ ਹੈ, ਹਾਲਾਂਕਿ ਭਾਰਤ ਚੰਗੀ ਉਪਜਾਊ ਧਰਤੀ ਲਈ ਜਾਣਿਆ ਜਾਂਦਾ ਹੈ।

ਐਡੀ ਵੱਡੀ ਆਬਾਦੀ ਲਈ, ਜੋ ਵਿਸ਼ਵ ਦੀ ਗਿਣਤੀ ਵਿੱਚ ਪਹਿਲੇ ਨੰਬਰ ਦੀ ਆਬਾਦੀ ਹੈ, ਭਾਰਤ ਦਾ ਕਿਸਾਨ ਖ਼ੁਰਾਕ ਪੈਦਾ ਕਰਦਾ ਹੈ, ਪਰ ਆਪ ਭੁਖਿਆਂ ਸੌਂਦਾ ਹੈ ਅਤੇ ਭੈੜੀਆਂ ਸਥਿਤੀਆਂ 'ਚ ਜੀਵਨ ਵਸਰ ਕਰਦਾ ਹੈ। ਸਰਕਾਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਰੜਕਦੀ ਹੈ। ਸੰਘਰਸ਼ਮਈ ਕਿਸਾਨ ਜ਼ਿੰਦਗੀ, ਲੋੜਾਂ ਅਤੇ ਥੋੜਾਂ ਕਾਰਨ ਕਈ ਹਾਲਾਤਾਂ 'ਚ ਕਰੁਨਾਮਈ ਬਣ ਜਾਂਦੀ ਹੈ, ਜਦੋਂ ਉਸਦੇ ਪਰਿਵਾਰ ਨੂੰ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ ਰਹਿੰਦੀ ਹੈ।

ਸਮੁੱਚੇ ਦੇਸ਼ ਵਿੱਚ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਿਆਂ ਸੰਘਰਸ਼ ਕਰ ਰਹੇ ਹਨ। ਉਹਨਾ ਦੇ ਹਾਲਾਤ ਸੁਧਾਰਨ ਲਈ ਬੁਨਿਆਦੀ ਢਾਂਚੇ ਦੇ ਪਸਾਰੇ ਲਈ ਅਤੇ ਪਾਣੀ-ਪ੍ਰਬੰਧਨ ਅਤੇ ਸਿੰਚਾਈ ਯੋਜਨਾਵਾਂ ਦੇ ਸੁਧਾਰ ਦੀ ਤਾਂ ਲੋੜ ਹੈ ਹੀ, ਉਸਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਾਜਿਕ ਸੁਰੱਖਿਆ ਦੇਣਾ ਵੀ ਜ਼ਰੂਰੀ ਹੈ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

# ਕੋਸ਼ਿਸ਼ ਆਖਰੀ ਸਾਹਾਂ ਤੱਕ ਕਰਨੀ ਚਾਹੀਦੀ ਹੈ। ਸਫਲਤਾ ਮਿਲੇ ਜਾਂ ਤਜ਼ਰਬਾ, ਦੋਵੇਂ ਹੀ ਕੀਮਤੀ ਹਨ।

# ਸਚੁ ਸੁਣਾਇਸੀ ਸੱਚ ਕੀ ਬੇਲਾ

ਸੁਰਿੰਦਰ ਸਿੰਘ ਰੂਬੀ
ਸੰਪਾਦਕ

## ਅਮਰੀਕਾ ਚਾਹੁੰਦਾ ਹੈ ਕਿ ਭਾਰਤ ਰੂਸ ਤੋਂ ਵਸਤਾਂ ਦੀ ਦਰਾਮਦ ਘਟਾਵੇ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵਿਸ਼ਵ ਭਰ ਦੇ ਦੇਸ਼ਾਂ ਨੂੰ ਅਮਰੀਕਾ ਨਾਲ ਦੁਵੱਲੇ ਵਪਾਰ ਵਿਚ ਅਮਰੀਕਾ ਵੱਲੋਂ ਖਰੀਦੀਆਂ ਜਾ



ਰਹੀਆਂ ਵਸਤਾਂ ਤੇ ਭਾਰੀ ਦਰਾਮਦ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਭਾਰਤ, ਚੀਨ ਸਮੇਤ ਦੁਨੀਆਂ ਦੇ ਵੱਖ-ਵੱਖ ਅਜਿਹੇ ਮੁਲਕ ਜੋ ਅਮਰੀਕਾ ਨਾਲ ਦੁਵੱਲਾ ਵਿਉਪਾਰ ਕਰਦੇ ਹਨ, ਬਹੁਤ ਚਿੰਤਤ ਹਨ। ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਭਾਰਤ ਸਮੇਤ ਵੱਖ-ਵੱਖ ਦੇਸ਼ ਅਮਰੀਕਾ ਵੱਲੋਂ ਭੇਜੀਆਂ ਵਸਤਾਂ ਤੇ ਭਾਰੀ ਟੈਕਸ ਵਸੂਲਦੇ ਹਨ ਜਿਸ ਕਾਰਨ ਖਪਤਕਾਰ ਤੱਕ ਪਹੁੰਚਣ ਤੱਕ ਇਹਨਾਂ ਵਸਤਾਂ ਦੀ ਕੀਮਤ ਬਹੁਤ ਵੱਧ ਜਾਂਦੀ ਹੈ, ਤੇ ਅਮਰੀਕਨ ਕੰਪਨੀਆਂ ਨੂੰ ਦਰਾਮਦ ਵਿਚ ਮੁਸ਼ਕਲ ਆਉਂਦੀ ਹੈ। ਅਮਰੀਕੀ ਵਣਜ ਸਕੱਤਰ ਹਾਵਰਡ ਲੁਟਕਿਨ ਨੇ ਐਲਾਨ ਕੀਤਾ ਹੈ ਕਿ ਇਸ ਸਮੱਸਿਆ ਦਾ ਕੋਈ ਸਰਬ ਪ੍ਰਵਾਨਤ ਹੱਲ ਕੱਢਣ ਲਈ ਮਾਹਿਰਾਂ ਵੱਲੋਂ ਦੁਵੱਲੀ ਗੱਲਬਾਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹਾਵਰਡ ਲੁਟਕਿਨ ਨੇ ਕਿਹਾ ਕਿ ਭਾਰਤ ਵੱਲੋਂ ਰੂਸੀ ਹਥਿਆਰਾਂ ਤੇ ਉਪਕਰਨਾਂ ਦੀ ਖਰੀਦ ਅਮਰੀਕਾ ਨੂੰ ਪ੍ਰੇਸ਼ਾਨ ਕਰਦੀ ਹੈ। ਇਹ ਭਾਰਤ ਅਮਰੀਕਾ ਦੇ ਹੋਰ ਵਪਾਰ ਸਬੰਧਾਂ ਵਿਚ ਰੁਕਾਵਟ ਬਣਦੀ ਹੈ। ਉਹਨਾਂ ਕਿਹਾ ਕਿ ਜੇਕਰ ਭਾਰਤ ਯੂਕਰੇਨ ਤੇ ਮੌਜੂਦਾ ਦੁਸ਼ਮਣੀ ਵਾਲੀ ਸਥਿਤੀ ਦੇ ਸੰਦਰਭ ਵਿਚ ਰੂਸ ਤੋਂ ਆਪਣੇ ਸਾਰੇ ਹਥਿਆਰ ਖਰੀਦਣਾ ਜਾਰੀ ਰੱਖਦਾ ਹੈ ਤਾਂ ਇਸ ਨਾਲ ਭਾਰਤੀ ਸਮਾਨ ਦੀ ਖਰੀਦ, ਨੀਤੀ ਨਿਰਮਾਤਾਵਾਂ ਦੇ ਮੰਨ ਵਿਚ ਭਾਰਤ ਪ੍ਰਤੀ ਉਲਟ ਭਾਵਨਾਵਾਂ ਪੈਦਾ ਕਰੇਗੀ। ਉਹਨਾਂ ਕਿਹਾ ਕਿ ਅਮਰੀਕੀ ਦੋਸਤਾਂ ਤੇ ਭਾਈਵਾਲਾਂ ਲਈ ਬਹੁਤ ਸਾਰੇ ਹੋਰ ਖੇਤਰ ਖੁੱਲ੍ਹੇ ਹੋਏ ਹਨ, ਜਿਸ ਨੂੰ ਭਾਰਤ ਦੁਆਰਾ ਖੋਜਿਆ ਜਾ ਸਕਦਾ ਹੈ। ਪਹਿਲਾਂ ਤੋਂ ਚੱਲ ਰਹੇ ਵਿਉਪਾਰ ਖੇਤਰਾਂ ਤੋਂ ਬਾਹਰ ਭਾਰਤ ਲਈ ਨਿਰਮਾਣ ਦਾ ਇਕ ਵਿਸ਼ਾਲ ਖੇਤਰ ਖੁੱਲ੍ਹਾ ਹੈ, ਜਿਸ ਦੀ ਵਰਤੋਂ ਕਰਕੇ ਭਾਰਤ ਅਮਰੀਕੀ ਬਜ਼ਾਰ ਤੱਕ ਪਹੁੰਚ ਕਰ ਸਕਦਾ ਹੈ। ਅਮਰੀਕਾ ਵਲੋਂ ਭਾਰਤ ਦੀ ਰੂਸ ਤੋਂ ਖਰੀਦੀ ਗਈ ਮਿਜ਼ਾਇਲ ਪ੍ਰਣਾਲੀ ਐਸ.ਏ.ਐਮ.-400 ਉਸ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕਰ ਰਹੀ ਹੈ। ਜਿਸ ਦੀ ਵਰਤੋਂ ਭਾਰਤ ਵੱਲੋਂ ਬੜੀ ਕਾਮਯਾਬੀ ਨਾਲ ਪਹਿਲਗਾਮ ਘਟਨਾ ਤੋਂ ਬਾਅਦ ਹੋਏ ਸਿੰਧੂਰ ਟਕਰਾਅ ਵੇਲੇ ਕੀਤੀ ਗਈ ਹੈ। ਭਾਰਤ ਐਸ.ਏ.ਐਮ.-400 ਮਿਜ਼ਾਇਲ ਦਾ ਇਕ ਹੋਰ ਸੈੱਟ ਤਾਇਨਾਤ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜੋ ਕਿ ਅਮਰੀਕਾ ਨੂੰ ਰਾਸ ਨਹੀਂ ਆ ਰਿਹਾ।

## ਪੰਜਾਬ ਦੀ ਲੈਂਡ ਪੂਲਿੰਗ ਨੀਤੀ - ਵਰ ਕਿ ਸ਼ਰਾਪ

ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਦੀ ਹੱਦ ਨਾਲ ਲਗਦੇ ਪੇਂਡੂ ਇਲਾਕਿਆਂ ਦੀਆਂ ਹਜ਼ਾਰਾਂ ਏਕੜ ਜ਼ਮੀਨਾਂ ਨੂੰ ਸਰਕਾਰ ਸ਼ਹਿਰੀਕਰਨ ਦੇ ਵਾਧੇ ਨੂੰ ਧਿਆਨ ਵਿਚ ਰੱਖਦਿਆਂ ਨਵੀਆਂ ਅਰਬਨ ਸਟੇਟਾਂ ਤੇ ਕਾਲੋਨੀਆਂ



ਕੱਟਣ ਲਈ ਆਪਣੇ ਕਬਜ਼ੇ ਅਧੀਨ ਲੈਣ ਜਾ ਰਹੀ ਹੈ। ਪੰਜਾਬ ਸਰਕਾਰ ਨੇ ਇਹਨਾਂ ਪਿੰਡਾਂ ਦੀਆਂ ਜ਼ਮੀਨਾਂ ਦੇ ਖਸਰਾ ਨੰਬਰਾਂ ਸਮੇਤ ਪਿੰਡਾਂ ਦੀ ਹੋਣ ਜਾ ਰਹੀ ਜ਼ਮੀਨ ਰਿਕਾਰਡ ਸਮੇਤ ਆਪਣੇ ਅਧਿਕਾਰ ਹੇਠ ਲੈਣ ਲਈ ਤਕਰੀਬਨ 44000 ਏਕੜ ਦੇ ਇਸ਼ਤਿਹਾਰ ਸੂਬੇ ਦੇ ਪ੍ਰਮੁਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਵੀ ਕਰਵਾ ਦਿੱਤੇ ਹਨ। ਸਰਕਾਰ ਨੇ ਦੱਸਿਆ ਹੈ ਕਿ ਪ੍ਰਭਾਵਿਤ ਕਿਸਾਨਾਂ ਨੂੰ ਮੌਜੂਦਾ ਜ਼ਮੀਨੀ ਕੀਮਤ ਤੋਂ ਚਾਰ ਗੁਣਾਂ ਵੱਧ ਮੁਆਵਜ਼ਾ ਦਿੱਤਾ ਜਾਵੇਗਾ। ਇਹ ਮੁਆਵਜ਼ਾ ਕਿਸਾਨ ਨੂੰ ਜ਼ਮੀਨ ਦੀ ਪੂਰੀ ਤਰ੍ਹਾਂ ਨਵੀਂ ਸਕੀਮ ਵਿਚ ਆਉਣ ਤੋਂ ਬਾਅਦ ਅਤੇ ਉਥੇ ਕੱਟੇ ਪਲਾਟ ਜਾਂ ਬਣਾਏ ਫਲੈਟਾਂ ਦੀ 25% ਵਿਕਰੀ ਤੋਂ ਬਾਅਦ ਸਮੇਤ 1000


ਗਜ ਦਾ ਰਿਹਾਇਸ਼ੀ ਤੇ 200 ਵਰਗ ਗਜ ਦਾ ਕਾਰੋਬਾਰੀ ਪਲਾਟ ਵੀ ਮਿਲੇਗਾ। ਪੜ੍ਹਨ ਸੁਨਣ ਨੂੰ ਤਾਂ ਇਹ ਬੜਾ ਆਕਰਸ਼ਕ ਲੱਗਦਾ ਹੈ ਪ੍ਰੰਤੂ ਕਾਲੋਨੀ ਦੀ 25% ਹਿੱਸੇ ਦੀ ਵਿਕਸਤ ਹੋ ਜਾਣ ਦੀ ਸ਼ਰਤ ਦੀ ਕੋਈ ਤੁੱਕ ਨਹੀਂ ਬਣਦੀ। ਸਰਕਾਰੀ ਕਾਲੋਨੀਆਂ ਜੋ ਪਿਛਲੇ ਕਈ ਸਾਲਾਂ ਤੋਂ ਵਿਕਰੀ ਅਧੀਨ ਹਨ ਦੇ ਵਿਚ ਕਈ ਸਾਲ ਬੀਤਣ ਤੋਂ ਬਾਅਦ ਵੀ ਅਜੇ ਤੱਕ ਅੱਧੇ ਤੋਂ ਵੱਧ ਪਲਾਟ ਵਿਕਣ ਖੁਣੋਂ ਖਾਲੀ ਪਏ ਹਨ। ਇਸ ਸਕੀਮ ਨਾਲ ਜਿਥੇ ਖੇਤੀ ਯੋਗ ਚੰਗੀ ਜ਼ਮੀਨ ਨੂੰ ਪੱਥਰ ਇੱਟਾਂ ਦੇ ਜੰਗਲ ਵਿਚ ਤਬਦੀਲ ਕਰਨ ਲਈ ਸਰਕਾਰੀ ਕਬਜ਼ੇ ਵਿਚ ਲੈ ਲਿਆ ਜਾਵੇਗਾ, ਉਥੇ ਪੇਂਡੂ ਖੇਤਰ ਵਿਚ ਸ਼ਹਿਰੀਕਰਨ ਦੇ ਵਾਧੇ ਨੂੰ ਵੀ ਇਹ ਹੋਰ ਵਧਾਵੇਗੀ। ਪਹਿਲਾਂ ਹੀ ਦੇਸ਼ ਦੀ ਕੁਲ 31ਫੀਸਦੀ ਸ਼ਹਿਰੀ ਅਬਾਦੀ ਦੇ ਮੁਕਾਬਲੇ ਪੰਜਾਬ ਵਿਚ ਸ਼ਹਿਰੀ ਅਬਾਦੀ 41% ਪ੍ਰਤੀਸ਼ਤ ਹੋ ਚੁੱਕੀ ਹੈ। ਸੂਬੇ ਵਿਚ ਬਹੁਗਿਣਤੀ ਕਿਸਾਨ 5 ਏਕੜ ਤੋਂ ਘੱਟ ਦੀ ਮਾਲਕੀ ਵਾਲੇ ਹਨ ਅਤੇ ਖੇਤੀ ਤੇ ਹੀ ਪਰਿਵਾਰਾਂ ਦਾ ਗੁਜਰ ਬਸਰ ਚਲਦਾ ਹੈ। ਇਹ ਜ਼ਮੀਨ ਉਨ੍ਹਾਂ ਤੋਂ ਖੁਸਣ ਤੇ ਪਰਿਵਾਰ ਖੇਤੀ ਧੰਦੇ ਤੋਂ ਬਾਹਰ ਆ ਜਾਣਗੇ ਅਤੇ ਬੇਰੁਜ਼ਗਾਰੀ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਉਨ੍ਹਾਂ ਨੂੰ ਮਿਲੀਆਂ ਰਕਮਾਂ ਕੋਈ ਪੀੜ੍ਹੀ-ਦਰ-ਪੀੜ੍ਹੀ ਨਹੀਂ ਚਲਣੀਆਂ।

ਲੈਂਡ ਪੁਲਿੰਗ ਸਬੰਧੀ ਸਰਕਾਰ ਨੂੰ ਮੁੜ ਤੋਂ ਵਿਚਾਰ ਕਰਨ ਲਈ ਆਰਥਿਕ, ਖੇਤੀ ਤੇ ਕਾਨੂੰਨੀ ਮਾਹਿਰਾਂ ਦੀ ਕਮੇਟੀ ਬਣਾ ਕੇ ਦੁਬਾਰਾ ਸੋਚਣਾ ਚਾਹੀਦਾ ਹੈ, ਇਸ ਯੋਜਨਾ ਦਾ ਆਮ ਆਦਮੀ ਜਾਂ ਆਮ ਕਿਸਾਨ ਨੂੰ ਕੋਈ ਫਾਇਦਾ ਨਹੀਂ ਹੋਣ ਵਾਲਾ।

## ਸਮੁੱਚੇ ਵਿਸ਼ਵ ਵਿਚ ਕਈ ਕਰੋੜ ਬੱਚੇ ਸਿੱਖਿਆ ਤੋਂ ਵਿਹੂਣੇ

ਵਿਸ਼ਵ ਦੇ ਭਾਰਤ ਸਮੇਤ ਸਮੁੱਚੇ ਵਿਕਾਸਸ਼ੀਲ ਦੇਸ਼ਾਂ ਵਿਚ ਸਿੱਖਿਆ ਤੋਂ ਵਾਂਝੇ ਰਹਿ ਰਹੇ ਬੱਚਿਆਂ ਦੀ ਗਿਣਤੀ ਦੇ ਅੰਕੜੇ ਬਹੁਤ ਹੀ ਚਿੰਤਾਜਨਕ ਅਤੇ ਹੈਰਾਨੀ ਭਰੇ ਹਨ। ਸੰਯੁਕਤ ਰਾਸ਼ਟਰ ਸੰਘ ਦੀ ਸਿੱਖਿਆ ਬਾਰੇ ਸੰਸਥਾ ਯੂਨੈਸਕੋ ਅਨੁਸਾਰ ਸੰਸਾਰ ਭਰ ਵਿਚ 27 ਕਰੋੜ 20 ਲੱਖ ਬੱਚੇ ਸਿੱਖਿਆ ਦੇ ਅਧਿਕਾਰ ਤੋਂ ਵਾਂਝੇ ਹਨ। ਜਿਸ ਨੂੰ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਨਹੀਂ ਮਿਲ ਰਹੇ। ਭਾਵੇਂ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਸਕੂਲਾਂ ਵਿਚ ਪੜ੍ਹਨ ਜਾਣ ਲਈ ਨਵੇਂ ਬੱਚਿਆਂ ਵਿਚ 80 ਲੱਖ ਦਾ ਵਾਧਾ ਹੋਇਆ ਹੈ। ਪ੍ਰੰਤੂ ਇਹਨਾਂ ਬੱਚਿਆਂ ਨੂੰ ਚੰਗੀ ਪੜ੍ਹਾਈ ਦੇਣ ਦੀ ਸਮਰੱਥਾ ਇਹਨਾਂ ਦੇਸ਼ਾਂ ਵਿਚ ਨਹੀਂ ਹੈ। ਜਿਥੇ ਦੇਸ਼ਾਂ ਦੀ ਗਰੀਬੀ ਇਸ ਅਸਮਰਥਾ ਦਾ ਵੱਡਾ ਕਾਰਨ ਹੈ ਉਥੇ ਅਫਰੀਕੀ ਤੇ ਅਫਗਾਨਿਸਤਾਨ ਵਰਗੇ ਕੱਟੜ ਦੇਸ਼ਾਂ ਵਿਚ ਲੜਕੀਆਂ ਦੀ ਪੜ੍ਹਾਈ ਨਾ ਕਰਵਾਉਣਾ ਵੀ ਇਸ ਦਾ ਇਕ ਮੂਲ ਕਾਰਨ ਹੈ। ਵਿਸ਼ਵ ਪੱਧਰ ਤੇ ਵੱਧ ਰਹੀ ਅਬਾਦੀ ਵੀ ਇਸ ਦਾ ਇਕ ਮੂਲ ਕਾਰਨ ਹੈ। ਸੰਯੁਕਤ ਰਾਸ਼ਟਰ ਦੀ ਅਬਾਦੀ ਸਬੰਧੀ ਰਿਪੋਰਟ ਅਨੁਸਾਰ ਵਿਸ਼ਵ ਦੀ ਵਧ ਰਹੀ ਨਵੀਂ ਅਬਾਦੀ ਵਿਚ ਸਕੂਲ ਜਾਣ ਵਾਲੀ ਉਮਰ ਦੇ ਬੱਚੇ ਲਗਭਗ ਪੰਜ ਕਰੋੜ ਦੇ ਨਜ਼ਦੀਕ ਹਨ, ਇੰਨੀ ਵੱਡੀ ਗਿਣਤੀ ਦੇ ਨਵੇਂ ਵਿਦਿਆਰਥੀਆਂ ਲਈ ਪੜ੍ਹਾਈ ਅਤੇ ਚੰਗੀ ਸਿਹਤ ਦਾ ਪ੍ਰਬੰਧ ਕਰਨਾ, ਵਿਕਾਸ ਅਧੀਨ ਤੇ ਪੱਛੜੇ ਦੇਸ਼ਾਂ ਦੀ ਅਰਥ ਵਿਵਸਥਾ ਦੇ ਘੇਰੇ ਤੋਂ ਬਹੁਤ ਹੀ ਬਾਹਰ ਦੀ ਗੱਲ ਹੈ। ਸਰਕਾਰੀ ਸਕੂਲਾਂ ਵਿਚ ਵਿਦਿਆ ਦਾ ਮਿਆਰ ਹੇਠਾਂ ਡਿੱਗਣਾ ਅਤੇ ਪ੍ਰਾਈਵੇਟ ਸਕੂਲਾਂ ਵਿਚ ਸਿੱਖਿਆ ਦਾ ਬਹੁਤ ਮਹਿੰਗਾ ਹੋ ਜਾਣਾ ਵੀ ਬੱਚਿਆਂ ਨੂੰ ਸਿੱਖਿਆ ਤੋਂ ਵਾਂਝੇ ਕਰਨ ਦਾ ਇਕ ਵੱਡਾ ਕਾਰਨ ਬਣਦਾ ਹੈ। ਗਰੀਬ ਦੇ ਸਾਂਵਿਕ ਬਚਪਨ ਵਿਚ ਹੀ ਸਿੱਖਿਆ ਤੋਂ ਜ਼ਿਆਦਾ ਜ਼ਰੂਰੀ ਜਿਉਂਦੇ ਰਹਿਣ ਲਈ ਰੋਜ਼ੀ ਰੋਟੀ ਦਾ ਫਿਕਰ ਬੱਚਿਆਂ ਦੀ ਜ਼ਿੰਦਗੀ ਤੇ ਭਾਰੀ ਹੋ ਜਾਂਦੀ ਹੈ।

ਲੋਕਤੰਤਰ ਦੇਸ਼ਾਂ ਵਿਚ ਸਿੱਖਿਆ ਹਰ ਨਾਗਰਿਕ ਦਾ ਮੌਲਿਕ ਅਧਿਕਾਰ ਹੈ। ਬੱਚਿਆਂ ਨੂੰ ਜ਼ਰੂਰੀ ਤੇ ਚੰਗੀ ਵਿੱਦਿਆ ਦੇਣਾ ਹਰ ਸਰਕਾਰ ਦਾ ਫਰਜ਼ ਹੋਣਾ ਚਾਹੀਦਾ ਹੈ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਬੱਚੇ ਦੀ ਸਿੱਖਿਆ ਨੂੰ ਯਕੀਨੀ ਬਣਾਵੇ।



● ● ●

**ਕੁਝ ਨੇਕੀਆਂ ਤੇ ਚੰਗਿਆਈਆਂ ਅਜਿਹੀਆਂ ਵੀ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਰੱਬ ਤੋਂ ਇਲਾਵਾ ਹੋਰ ਕੋਈ ਗਵਾਹ ਨਾ ਹੋਵੇ।**

# ਉਰਦੂ ਅਤੇ ਪੰਜਾਬੀ ਦੇ ਆਪਸੀ ਸੰਬੰਧ : ਇਕ ਪਿਛਲਝਾਤ

**ਡਾ. ਹਰਚੰਦ ਸਿੰਘ ਸਰਹਿੰਦੀ**

ਬੀਤੇ ਸਮੇਂ ਦੌਰਾਨ ਪੰਜਾਬ ਅੰਦਰ ਪੰਜਾਬੀ ਅਤੇ ਉਰਦੂ ਜ਼ੁਬਾਨਾਂ ਇਕ ਦੂਜੀ ਦੇ ਨੇੜੇ-ਨੇੜੇ ਰਹੀਆਂ ਹਨ ਅਤੇ ਇਨ੍ਹਾਂ ਦੇ ਆਪਸੀ ਸੰਬੰਧ ਬੜੇ ਸੁਖਾਵੇਂ ਰਹੇ ਹਨ। ਉਰਦੂ ਇਕ ਸ਼ੀਰੀਂ ਜ਼ੁਬਾਨ ਹੈ, ਇਸ ਦਾ ਵੱਖਰਾ ਜਲੌਅ ਤੇ ਵੱਖਰੀ ਸ਼ਾਨ ਹੈ। ਤਾਹੀਉਂ, ਉਰਦੂ ਦਾ ਗਿਆਨ ਬੰਦੇ ਨੂੰ ਸਾਰੀ ਉਮਰ ਮਹਿਕਾਉਂਦਾ ਤੇ ਮੰਤਰ-ਮੁਗਧ ਕਰਦਾ ਰਹਿੰਦਾ ਹੈ। ਗੱਲ ਕੀ, ਉਰਦੂ, ਦੁਨੀਆਂ ਦੀਆਂ ਹੁਸੀਨ ਭਾਸ਼ਾਵਾਂ ਵਿਚੋਂ ਇਕ ਹੈ। ਇਸ ਸਮੇਂ ਉਰਦੂ, ਦੁਨੀਆਂ ਦੇ ਵੱਖ-ਵੱਖ ਮੁਲਕਾਂ 'ਚ ਰਹਿ ਰਹੇ ਲਗਪਗ ਸਾਡੇ ਦਸ ਕਰੋੜ ਲੋਕਾਂ ਦੀ ਸਿੱਕੇਬੰਦ ਜ਼ੁਬਾਨ ਹੈ। ਨਿਰਸੰਦੇਹ, ਉਰਦੂ ਦੀ ਦਿਲ ਰੁਬਾਈ ਤੇ ਦਿਲਕਸ਼ੀ ਨੇ ਹਰ ਗੋਸ਼ੇ ਵਿਚ ਮਕਬੂਲੀਅਤ ਹਾਸਲ ਕਰ ਲਈ ਹੈ। ਦਾਗ਼ ਦਰੁਸਤ ਫ਼ਰਮਾਉਂਦਾ ਹੈ :

**ਉਰਦੂ ਹੈ ਜਿਸ ਕਾ ਨਾਮ ਹਮੀਂ ਜਾਨਤੇ ਹੈਂ ਦਾਗ਼**
**ਸਾਰੇ ਜਹਾਂ ਮੇਂ ਧੂਮ ਹਮਾਰੀ ਜ਼ੁਬਾਂ ਕੀ ਹੈ।**

ਚੇਤੇ ਰਹੇ! ਉਰਦੂ ਇਕ ਭਾਰਤੀ ਮੂਲ ਦੀ ਭਾਸ਼ਾ ਹੈ - ਸਾਡੀ ਆਪਣੀ ਭਾਸ਼ਾ ਹੈ। ਇਹ, ਚੌਧਵੀਂ-ਪੰਦਰਵੀਂ ਸਦੀ ਦੌਰਾਨ ਮੁਗ਼ਲ ਲਸ਼ਕਰਾਂ ਵਿਚ ਸ਼ੁਰੂ ਹੋਈ ਅਤੇ ਸ਼ਾਹਜਹਾਨ ਦੇ ਵੇਲੇ ਤੱਕ ਇਹ ਇਕ ਟਕਸਾਲੀ ਜ਼ੁਬਾਨ ਬਣ ਚੁੱਕੀ ਸੀ। ਅਸਲ 'ਚ, ਹਮਲਾਵਰ ਮੁਸਲਮਾਨ ਫੌਜਾਂ ਤੇ ਸਥਾਨਕ ਲੋਕਾਂ ਦੇ ਪਰਸਪਰ ਮੇਲ-ਜੋਲ ਤੋਂ ਉਰਦੂ ਦਾ ਜਨਮ ਇਕ ਸੰਪਰਕ ਭਾਸ਼ਾ ਵਜੋਂ ਹੋਇਆ।... ਪਰ ਇਹ ਸਾਡੀ ਬਦਕਿਸਮਤੀ ਹੈ ਕਿ ਉਰਦੂ ਨੂੰ ਸਿਰਫ਼ ਮੁਸਲਮਾਨਾਂ ਦੀ ਜ਼ੁਬਾਨ ਗਰਦਾਨ ਕੇ ਇਸ ਦੇ ਵਿਕਾਸ ਦੇ ਰਾਹ ਵਿਚ ਫ਼ਿਰਕੂ ਦੀਵਾਰ ਖੜ੍ਹੀ ਕਰ ਦਿੱਤੀ ਗਈ ਹੈ। ਉਰਦੂ ਪ੍ਰਤੀ ਇਸ ਤਰ੍ਹਾਂ ਦੇ ਪੱਖਪਾਤੀ ਰਵੱਈਏ ਨੇ ਇਸ ਦੀ ਪਹੁੰਚ ਨੂੰ ਸੀਮਤ ਕਰ ਦਿੱਤਾ ਹੈ। ਦੂਜਾ, ਪੰਜਾਬ ਅੰਦਰ ਉਰਦੂ ਦੀ ਪੜ੍ਹਾਈ ਦਾ ਕੋਈ ਬਕਾਇਦਾ ਪ੍ਰਬੰਧ ਨਾ ਹੋਣ ਕਾਰਨ ਇਸ ਨੂੰ ਇਸ ਦੇ ਜਾਇਜ਼ ਹੱਕਾਂ ਤੋਂ ਮਹਿਰੂਮ ਕਰ ਦਿੱਤਾ ਗਿਆ ਹੈ। ਸਾਡੇ ਲਈ ਇਹ ਬਹੁਤ ਵੱਡੇ ਸਦਮੇ ਦੀ ਗੱਲ ਹੈ ਕਿ ਸ਼ਾਇਸਤਗੀ ਅਤੇ ਮੁਹੱਬਤ-ਖ਼ਲੂਸ ਨਾਲ ਲਬਰੇਜ਼ ਜ਼ੁਬਾਨ ਦੇਖਦੇ ਹੀ ਦੇਖਦੇ ਪੰਜਾਬ ਅੰਦਰੋਂ ਅਲੋਪ ਹੁੰਦੀ ਜਾ ਰਹੀ ਹੈ।

ਉਰਦੂ ਅਤੇ ਪੰਜਾਬੀ ਦੇ ਆਪਸੀ ਸੰਬੰਧਾਂ 'ਤੇ ਇਕ ਪਿਛਲਝਾਤ ਮਾਰਦਿਆਂ, ਇਹ ਗੱਲ ਨਿੱਖਰਵੇਂ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਨੇ ਉਰਦੂ ਕੋਲੋਂ ਬਹੁਤ ਕੁਝ ਪ੍ਰਾਪਤ ਕੀਤਾ ਹੈ। ਪੰਜਾਬੀ ਸ਼ਾਇਰੀ, ਖਾਸਕਰ ਪੰਜਾਬੀ ਗ਼ਜ਼ਲ 'ਚ ਤਾਂ ਉਰਦੂ ਰੰਗ ਪ੍ਰਤੱਖ ਵੇਖਿਆ ਜਾ ਸਕਦਾ ਹੈ। ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਅਤੇ ਮੱਧਕਾਲ ਦੇ ਦੂਸਰੇ ਸ਼ਾਇਰਾਂ ਤੇ ਸੂਫ਼ੀ ਸੰਤਾਂ ਨੇ ਆਪਣੀਆਂ ਰਚਨਾਵਾਂ ਵਿਚ ਉਰਦੂ ਤੇ ਫ਼ਾਰਸੀ ਸ਼ਬਦਾਂ ਦੀ ਨਿਰਸੰਕੋਚ ਵਰਤੋਂ ਕੀਤੀ ਹੈ। ਨਿਰਸੰਦੇਹ, ਉਰਦੂ ਨੇ ਪੰਜਾਬੀ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਦੇ ਅਨੇਕਾਂ ਸ਼ਬਦ ਸਿੱਧੇ ਹੀ ਉਰਦੂ ਤੋਂ ਲਏ ਗਏ ਹਨ ਅਤੇ ਅਣਗਿਣਤ ਉਰਦੂ ਸ਼ਬਦਾਂ ਨੂੰ ਪੰਜਾਬੀ ਬੋਲਚਾਲ ਅਨੁਸਾਰ ਢਾਲ ਲਿਆ ਗਿਆ ਹੈ। ਇਸ ਤਰ੍ਹਾਂ ਪੰਜਾਬ ਵਿਚੋਂ ਉਰਦੂ ਨੂੰ ਦੇਸ਼ ਨਿਕਾਲਾ ਦੇਣ ਨਾਲ ਪੰਜਾਬੀ ਦੀ ਰੂਹ ਨੂੰ ਠੇਸ ਪਹੁੰਚੇਗੀ। ਤੁਸੀਂ ਪੁੱਛੋਗੇ, ਕਿਵੇਂ? ਵੇਖਣ ਵਿਚ ਆਉਂਦਾ ਹੈ ਕਿ ਉਰਦੂ ਦਾ ਗਿਆਨ ਨਾ ਰੱਖਣ ਵਾਲੇ ਕਈ ਪੰਜਾਬੀ ਦੇ ਐੱਮ.ਏ. ਵੀ ਅੱਖਰਾਂ ਦੇ ਪੈਰ ਹੇਠ ਬਿੰਦੀਆਂ ਪਾਉਣ ਦੀਆਂ ਗ਼ਲਤੀਆਂ ਕਰਦੇ ਹਨ, ਜਿਵੇਂ ਤਜਰਬਾ ਨੂੰ ਤਜ਼ਰਬਾ, ਮੁਜਰਿਮ ਨੂੰ ਮੁਜ਼ਰਮ, ਮਜਬੂਰੀ ਨੂੰ ਮਜ਼ਬੂਰੀ ਤੇ ਰਿਵਾਜ ਨੂੰ ਰਿਵਾਜ਼ ਲਿਖਣ ਦੀਆਂ ਗ਼ਲਤੀਆਂ ਤਾਂ ਆਮ ਹੀ ਵੇਖਣ ਨੂੰ ਮਿਲਦੀਆਂ ਹਨ। ਦੂਜਾ, ਉਰਦੂ ਤੋਂ ਬੇਮੁੱਖ ਹੋ ਕੇ ਅਸੀਂ ਮੱਧਕਾਲ ਦੌਰਾਨ ਰਚੇ ਸੂਫ਼ੀ ਤੇ ਕਿੱਸਾ-ਕਾਵਿ 'ਚੋਂ ਟਪਕਦੇ ਰਸ ਦਾ ਆਨੰਦ ਨਹੀਂ ਮਾਣ ਸਕਾਂਗੇ। ਤੀਜਾ, ਉਰਦੂ ਦੇ ਗਿਆਨ ਤੋਂ ਬਿਨਾਂ ਅਸੀਂ 'ਜ਼ਫ਼ਰਨਾਮਾ' ਅਤੇ ਹੋਰ ਅਨੇਕਾਂ ਇਤਿਹਾਸਕ ਦਸਤਾਵੇਜ਼ ਨਹੀਂ ਪੜ੍ਹ ਸਕਾਂਗੇ। ਚੌਥਾ, ਉਰਦੂ ਦੇ ਕਈ ਪ੍ਰਚੱਲਤ ਸ਼ਬਦ ਪੰਜਾਬੀ ਜ਼ੁਬਾਨ ਵਿਚ ਮਿਠਾਸ ਭਰਦੇ ਹਨ ਅਤੇ ਇਸ ਦੀ ਗੜ੍ਹਕ ਤੇ ਟੁਣਕਾਰ ਵਿਚ ਵੀ ਵਾਧਾ ਕਰਦੇ ਹਨ।

ਉਕਤ ਤੱਥਾਂ ਦੀ ਰੌਸ਼ਨੀ ਵਿਚ ਵੇਖਿਆਂ, ਉਰਦੂ ਨੇ ਪੰਜਾਬੀ ਨੂੰ ਰੱਜ ਕੇ ਮਾਲਾਮਾਲ ਕੀਤਾ ਹੈ। ਸੋ, ਮੈਂ ਉਰਦੂ ਨੂੰ ਪੰਜਾਬੀਆਂ ਦੀ ਮਾਸੀ-ਬੋਲੀ ਮੰਨਣ ਵਿਚ ਕੋਈ ਹਰਜ਼ ਨਹੀਂ ਸਮਝਦਾ। ਖ਼ੈਰ! ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਮਾਂ-ਬੋਲੀ ਪੰਜਾਬੀ ਦੀ ਅਮੀਰੀ ਨੂੰ ਕਾਇਮ ਰੱਖਣ ਅਤੇ ਆਪਣੇ ਸਾਹਿਤਕ, ਸੱਭਿਆਚਾਰਕ ਤੇ ਇਤਿਹਾਸਕ ਵਿਰਸੇ ਨਾਲ ਜੁੜੇ ਰਹਿਣ ਲਈ ਹਰ ਪੰਜਾਬੀ ਨੂੰ ਉਰਦੂ ਦਾ ਘੱਟੋ-ਘੱਟ ਮੁੱਢਲਾ ਗਿਆਨ ਜ਼ਰੂਰ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਆਮੀਨ!

**ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।**

# ਔਰਤ ਦੀ ਸਥਿਤੀ

ਜਰਨੈਲ ਸਿੰਘ ਮੱਖਣ

ਇਤਿਹਾਸ ਦੀ ਘੋਖ ਕੀਤਿਆਂ ਪਤਾ ਚਲਦਾ ਹੈ ਕਿ ਕਦੇ ਮਾਤਾ ਪ੍ਰਧਾਨ ਸਮਾਜ ਹੁੰਦਾ ਸੀ ਅਤੇ ਔਰਤ ਨੂੰ ਹੀ ਪਰਿਵਾਰ ਦੀ ਮੁਖੀ ਮੰਨਿਆ ਜਾਂਦਾ ਸੀ। ਪਰ ਇਤਿਹਾਸਕ ਤੌਰ ਤੇ ਕਿਸੇ ਪੜਾਅ ਤੇ ਆ ਕੇ ਔਰਤ ਪਾਸੋਂ ਪਰਿਵਾਰਕ ਮੁਖੀ ਦਾ ਦਰਜਾ ਖੁੱਸ ਗਿਆ ਅਤੇ ਪਿਤਾ ਪ੍ਰਧਾਨ ਸਮਾਜ ਹੋਂਦ ਵਿੱਚ ਆਇਆ। ਪਿਤਾ ਨੂੰ ਪਰਿਵਾਰ ਦਾ ਮੁਖੀ ਮੰਨਿਆ ਜਾਣ ਲੱਗਾ। ਔਰਤ ਦੀ ਸਥਿਤੀ ਸਮਾਜਕ ਤੌਰ ਤੇ ਬਦਤਰ ਹੋਣ ਲੱਗ ਪਈ ਅਤੇ ਔਰਤ ਘਰਾਂ ਦੀਆਂ ਚਾਰ ਦਿਵਾਰੀਆਂ ਵਿੱਚ ਬੰਦ ਹੋ ਕੇ ਰਹਿ ਗਈ। ਕਿਹਾ ਜਾਂਦਾ ਸੀ—

**ਢੋਰ, ਗੰਵਾਰ, ਸ਼ੂਦਰ ਅਰ ਨਾਰੀ।**
**ਚਾਰੋਂ ਤਾੜਨ ਕੇ ਅਧਿਕਾਰੀ।**

ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਣ ਲੱਗਾ। ਹਾਲਾਂਕਿ ਇਹ ਵੀ ਸੱਚ ਹੈ ਕਿ ਸਮੇਂ-ਸਮੇਂ ਤੇ ਬਹੁਤ ਸਾਰੇ ਮਹਾਂਪੁਰਖਾਂ ਵਲੋਂ ਦੁਨੀਆਂ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਔਰਤ ਦੇ ਹੱਕ ਵਿੱਚ ਅਵਾਜ਼ਾਂ ਬੁਲੰਦ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਸਬੰਧ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਰਚੀ ਗਈ ਬਾਣੀ ਦੀ ਉਦਾਹਰਣ ਦਿੱਤੀ ਜਾਂਦੀ ਹੈ—

**ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣੁ ਵਿਆਹੁ ॥**
**ਭੰਡਹੁ ਹੋਵੈ ਦੋਸਤੀ, ਭੰਡਹੁ ਚਲੈਰਾਹੁ ॥** (ਅੰਗ 473)

ਗੁਰੂ ਸਾਹਿਬ ਨੇ ਧਰਮ ਦੇ ਠੇਕੇਦਾਰਾਂ ਨੂੰ ਸੁਆਲ ਕੀਤਾ—

**ਸੋ ਕਿਉਂ ਮੰਦਾ ਆਖੀਅਹਿ ਜਿਤੁ ਜੰਮਹਿ ਰਾਜਾਨ ॥**

(**ਅੰਗ** 473)

ਇਤਿਹਾਸਕ ਤੌਰ ਤੇ ਔਰਤਾਂ ਦਾ ਘਰਾਂ ਦੀਆਂ ਚਾਰ ਦੀਵਾਰੀਆਂ ਵਿੱਚ ਬੰਦ ਹੋਣ ਦਾ ਕਾਰਨ ਸਮੇਂ ਦੀਆਂ ਸਮਾਜਿਕ ਸਥਿਤੀਆਂ ਹੋ ਸਕਦੀਆਂ ਹਨ। ਜਗੀਰਦਾਰੀ ਦੌਰ ਵਿੱਚ ਆਰਥਿਕਤਾ ਦਾ ਧੁਰਾ ਖੇਤੀਬਾੜੀ ਹੀ ਸੀ। ਮਰਦ ਖੇਤੀਬਾੜੀ ਦੇ ਕੰਮਾਂ ਨੂੰ ਨਿਭਾਉਂਦੇ ਸਨ। ਘਰੇਲੂ ਕੰਮਾਂ ਲਈ ਇਸਤਰੀ ਨੂੰ ਜ਼ਿੰਮੇਵਾਰ ਬਣਾਇਆ ਗਿਆ। ਉਨ੍ਹਾਂ ਸਮਿਆਂ ਵਿੱਚ ਨਾ ਤਾਂ ਤਕਨੀਕੀ ਵਿਕਾਸ ਹੀ ਹੋਇਆ ਸੀ, ਨਾ ਹੀ ਉਦਯੋਗ ਪ੍ਰਫੁੱਲਿਤ ਸੀ ਅਤੇ ਨਾ ਹੀ ਵਿੱਦਿਆ ਦਾ ਚਾਨਣ ਕਿਧਰੇ ਸੀ। ਇਸ ਲਈ ਸਾਰੇ ਕੰਮ ਹੱਥਾਂ ਦੀ ਮਿਹਨਤ ਤੇ ਹੀ ਨਿਰਭਰ ਸਨ। ਔਰਤਾਂ ਨੂੰ ਕਿਉਂਕਿ ਸੋਹਲ ਸਰੀਰੀ ਸਮਝਿਆ ਜਾਂਦਾ ਸੀ ਇਸ ਲਈ ਉਹ ਉਸੇ ਤਰ੍ਹਾਂ ਦੇ ਕੰਮਾਂ ਦੇ ਯੋਗ ਸਮਝੀਆਂ ਗਈਆਂ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਮਰਦ ਪ੍ਰਧਾਨ ਸਮਾਜ ਹੋਣ ਕਾਰਨ ਇਸ ਤਰ੍ਹਾਂ ਦੇ ਪ੍ਰਵਚਨ ਉਸਾਰੇ ਗਏ ਜੋ ਕਿ ਔਰਤਾਂ ਦੀ ਮਾਨਸਿਕਤਾ ਨੂੰ ਬਰਾਬਰਤਾ ਦੀ ਥਾਂ ਜ਼ਿਹਨੀ ਗੁਲਾਮੀ ਵੱਲ ਧੱਕਦੇ ਸਨ। ਇਤਿਹਾਸਕ ਤੌਰ ਤੇ ਵੱਖੋ-ਵੱਖਰੇ ਰਹਿਬਰਾਂ ਵੱਲੋਂ ਭਾਵੇਂ ਔਰਤਾਂ ਦੇ ਸਨਮਾਨ ਅਤੇ ਬਰਾਬਰਤਾ ਦੇ ਹੱਕ ਵਿੱਚ ਸਮੇਂ-ਸਮੇਂ ਤੇ ਅਵਾਜ਼ਾਂ ਬੁਲੰਦ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਤੋਂ ਇਲਾਵਾ ਪ੍ਰਾਚੀਨ ਕਾਲ ਵਿੱਚ ਵੀ ਔਰਤਾਂ ਵਲੋਂ ਨਿਭਾਈਆਂ ਗਈਆਂ ਭੂਮਿਕਾਵਾਂ ਅਤੇ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਬੁਲੰਦੀਆਂ ਛੋਂਹਦੇ ਕਿਰਦਾਰ ਦੀਆਂ ਅਨੇਕਾਂ ਉਦਾਹਰਣਾਂ ਮਿਲ ਜਾਣਗੀਆਂ। ਪਰ ਜੇਕਰ ਸਮੁੱਚੀ ਸਮਾਜਿਕ ਸਥਿਤੀ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਮੰਨਣਾ ਪਵੇਗਾ ਕਿ ਔਰਤਾਂ ਦੀ ਸਥਿਤੀ ਗੁਲਾਮਾਂ ਵਾਲੀ ਹੀ ਸੀ ਅਤੇ ਇਸ ਸਥਿਤੀ ਨੂੰ ਸਨਮਾਨਜਨਕ ਕਦਾਚਿੱਤ ਨਹੀਂ ਮੰਨਿਆ ਜਾ ਸਕਦਾ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਬੀਤੇ ਸਮਿਆਂ ਵਿੱਚ ਤਕਨੀਕ ਦੀ ਅਣਹੋਂਦ ਅਤੇ ਸਾਧਨਾ ਦੀ ਘਾਟ ਕਾਰਨ ਸਾਰੇ ਕੰਮ ਹੱਥ ਨਾਲ ਕੀਤੇ ਜਾਂਦੇ ਸਨ ਅਤੇ ਮਰਦ ਔਰਤ ਦੋਵਾਂ ਵਿਚੋਂ ਵੇਹਲ ਕਿਸੇ ਕੋਲ ਵੀ ਨਹੀਂ ਸੀ ਹੁੰਦੀ ਪਰ ਔਰਤ ਮਰਦ ਦੀ ਪਿਛਲੱਗ ਅਤੇ ਪੈਰ ਦੀ ਜੁੱਤੀ ਸਮਝੀ ਜਾਂਦੀ ਸੀ ਅਤੇ ਉਸ ਦੀ ਕੋਈ ਅਜ਼ਾਦ ਹੋਂਦ ਜਾਂ ਆਜ਼ਾਦ ਸੋਚ ਨਹੀਂ ਸੀ।

ਜੇਕਰ ਬੀਤੇ ਸਮੇਂ ਵਿੱਚ ਔਰਤਾਂ ਦੇ ਕੰਮਾਂਕਾਰਾਂ ਜਾਂ ਉਨ੍ਹਾਂ ਵਲੋਂ ਰੋਜ਼ਾਨਾ ਜ਼ਿੰਦਗੀ ਵਿੱਚ ਨਿਭਾਏ ਜਾਂਦੇ ਰੋਲ ਦੀ ਚਰਚਾ ਕਰਨੀ ਹੋਵੇ ਤਾਂ ਸਵੇਰ ਦੇ ਵੱਡੇ ਤੜਕੇ ਤੋਂ ਹੀ ਮਰਦਾਂ ਤੋਂ ਵੀ ਪਹਿਲਾਂ ਔਰਤ ਨੂੰ ਉੱਠਣਾ ਪੈਂਦਾ ਸੀ। ਮਸ਼ੀਨਰੀ ਨਾ ਹੋਣ ਕਾਰਨ ਔਰਤ ਦੇ ਜ਼ਿੰਮੇ ਸਭ ਤੋਂ ਪਹਿਲਾ ਅਤੇ ਵੱਡਾ ਕੰਮ ਸਾਰੀ ਦਿਹਾੜੀ ਦੀਆਂ ਰੋਟੀਆਂ ਵਾਸਤੇ ਹੱਥ ਚੱਕੀ ਨਾਲ ਆਟਾ ਪੀਸਣਾ ਅਤੇ ਪਸ਼ੂਆਂ ਵਾਸਤੇ ਦਾਣਿਆਂ ਦਾ ਦਰੜ ਦਲਣਾ ਹੁੰਦਾ ਸੀ। ਇਸ ਬਾਰੇ ਵੇਰਵੇ ਨਾਲ ਇਸੇ ਪੁਸਤਕ ਦੇ 'ਅਲੋਪ ਹੋ ਚੁੱਕੀਆਂ ਹੋਰ ਜ਼ਰੂਰੀ ਵਸਤਾਂ' ਵਾਲੇ ਲੇਖ ਵਿੱਚ ਲਿਖਿਆ ਜਾ ਚੁੱਕਾ ਹੈ। ਇਸੇ ਤਰ੍ਹਾਂ ਧਾਰਾਂ ਚੋਣ ਅਤੇ ਰਿੜਕਣੇ ਪਾਉਣ ਬਾਰੇ ਵੀ ਉਸੇ ਲੇਖ ਵਿੱਚ ਵੇਰਵਾ ਦਿੱਤਾ ਜਾ ਚੁੱਕਾ ਹੈ। ਇਹ ਉਸ ਸਮੇਂ ਦੀਆਂ ਔਰਤਾਂ ਵਾਸਤੇ ਦੂਜਾ ਵੱਡਾ ਕੰਮ ਹੁੰਦਾ ਸੀ। ਇਨ੍ਹਾਂ ਦੋਵਾਂ ਕੰਮਾਂ ਤੋਂ ਵਿਹਲੇ ਹੋ ਕੇ ਕਿਸਾਨ ਔਰਤਾਂ ਦਾ ਮੁੱਖ ਕੰਮ ਖੇਤਾਂ ਵਿੱਚ ਕੰਮ ਕਰਦੇ ਮਰਦਾਂ ਵਾਸਤੇ ਛਾਹ ਵੇਲਾ ਲੈ ਕੇ ਜਾਣ ਦਾ ਹੁੰਦਾ ਸੀ। ਰੋਟੀਆਂ ਲਾਹੁਣ, ਪਕਾਉਣ ਤੋਂ ਬਾਅਦ ਕਿਸਾਨ ਔਰਤਾਂ ਸਿਰਾਂ ਤੇ ਰੋਟੀਆਂ ਵਾਲੀਆਂ ਟੋਕਰੀਆਂ ਅਤੇ ਲੱਸੀ ਦੇ ਦੋਹਣੇ ਰੱਖ ਕੇ ਤਿੰਨ-ਤਿੰਨ ਮੀਲ ਤੱਕ ਪੈਦਲ ਜਾ ਕੇ ਖੇਤਾਂ ਵਿੱਚ ਕੰਮ ਕਰ ਰਹੇ ਮਰਦਾਂ ਨੂੰ ਛਾਹ ਵੇਲਾ ਪਹੁੰਚਾਉਂਦੀਆਂ—

**ਭੱਤਾ ਲੈ ਕੇ ਖੇਤ ਨੂੰ ਚੱਲੀ, ਜੱਟੀ ਪੰਦਰਾਂ ਮੁਰੱਬਿਆਂ ਵਾਲੀ।**

ਵਾਹੀ ਕਰ ਰਹੇ ਜਾਂ ਖੇਤੀ ਦਾ ਹੋਰ ਕੰਮ ਕਰ ਰਹੇ ਮਰਦਾਂ ਨੂੰ ਛਾਹ ਵੇਲਾ ਖੁਆ ਕੇ ਭੱਤਾ ਲੈ ਕੇ ਗਈ ਹੋਈ ਕਿਸਾਨ ਔਰਤ ਡੰਗਰਾਂ ਦਾ ਗੋਹਾ ਕੂੜਾ ਸਾਫ਼ ਕਰਨ ਵਿੱਚ ਰੁੱਝ ਜਾਂਦੀ। ਇਸ ਕੰਮ ਵਿੱਚ ਉਨ੍ਹਾਂ ਦੀ ਅਖੌਤੀ ਨੀਵੀਆਂ ਸ਼੍ਰੇਣੀਆਂ ਦੀਆਂ ਔਰਤਾਂ ਮਦਦ ਕਰਦੀਆਂ। ਵਾਪਸ ਮੁੜਨ ਵੇਲੇ ਖੇਤਾਂ ਵਿਚੋਂ ਸਾਗ ਸਬਜ਼ੀ ਤੋੜ ਕੇ ਲਿਆਉਣੀ। ਵਾਪਸ ਪਿੰਡ ਪਹੁੰਚ ਕੇ ਫਿਰ ਰਿੰਨ੍ਹਣ ਪਕਾਉਣ ਦਾ ਕੰਮ ਕਰਨਾ ਅਤੇ ਨਾਲ ਹੀ ਲੌਢਾ ਵੇਲਾ ਖੇਤ ਲੈ ਕੇ ਜਾਣ ਦੀ ਤਿਆਰੀ ਕਰਨੀ। ਇਸ ਤਰ੍ਹਾਂ ਸਾਰੀ ਦਿਹਾੜੀ ਏਧਰੋਂ ਓਧਰ ਤੇ ਓਧਰੋਂ ਏਧਰ ਕੰਮ ਕਰਦਿਆਂ ਨਿਕਲ ਜਾਂਦੀ ਸੀ। ਇਹ ਗੱਲ ਨਹੀਂ ਹੈ ਕਿ ਕੇਵਲ ਕਿਸਾਨ ਔਰਤਾਂ ਨੂੰ ਹੀ ਇਹ ਕੰਮ ਸੀ। ਕਿਉਂਕਿ ਲਵੇਰਾ ਲਗਭਗ ਹਰ ਘਰ ਵਿੱਚ ਹੁੰਦਾ ਸੀ। ਇਨ੍ਹਾਂ ਦੁਧਾਰੂ ਪਸ਼ੂਆਂ ਦੀ ਸਾਂਭ ਸੰਭਾਲ ਦਾ ਕੰਮ ਹਰ ਜਾਤੀ ਵਿੱਚ ਲਗਭਗ ਔਰਤਾਂ ਹੀ ਕਰਦੀਆਂ

ਸਨ। ਇਸੇ ਤਰ੍ਹਾਂ ਚੱਕੀ ਪੀਹਣ ਅਤੇ ਰਿੜਕਣੇ ਪਾਉਣ ਦਾ ਕੰਮ ਵੀ ਹਰ ਜਾਤੀ ਵਿੱਚ ਔਰਤਾਂ ਦੇ ਜ਼ਿੰਮੇ ਹੀ ਸੀ।

ਪਿੱਛੇ ਇੱਕ ਵੱਖਰੇ ਲੇਖ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਚਰਖਾ ਉਨ੍ਹਾਂ ਸਮਿਆਂ ਦੀ ਆਰਥਿਕਤਾ ਵਿੱਚ ਵਿਸ਼ੇਸ਼ ਰੋਲ ਨਿਭਾਉਂਦਾ ਸੀ। ਚਰਖੇ ਨਾਲ ਕੱਤੇ ਹੋਏ ਸੂਤ ਤੋਂ ਹੀ ਦਰੀਆਂ, ਖੇਸ ਅਤੇ ਖੱਦਰ ਦਾ ਕੱਪੜਾ ਤਿਆਰ ਹੁੰਦਾ ਸੀ। ਇਹ ਕੰਮ ਵੀ ਔਰਤਾਂ ਦੇ ਜ਼ਿੰਮੇ ਹੀ ਸੀ। ਦਰੀਆਂ ਬੁਣਨ ਅਤੇ ਸਿਲਾਈ ਕਢਾਈ ਦਾ ਕੰਮ ਵੀ ਔਰਤਾਂ ਅਤੇ ਕੁੜੀਆਂ ਦੇ ਜ਼ਿੰਮੇ ਸੀ। ਇਸ ਤੋਂ ਇਲਾਵਾ ਰੱਦੀ ਕਾਗਜ਼ ਅਤੇ ਗੱਤਾ ਪਾਣੀ ਵਿੱਚ ਪਾ ਕੇ ਗਾਲ ਕੇ ਵਿੱਚ ਗਾਚਣੀ ਮਿਲਾ ਕੇ ਗੋਹਲੇ ਬਨਾਉਣ ਦਾ ਕੰਮ ਵੀ ਔਰਤਾਂ ਕਰਦੀਆਂ ਜੋ ਕਈ ਵਸਤਾਂ ਪਾਉਣ ਦੇ ਕੰਮ ਆਉਂਦੇ ਸਨ। ਇਸ ਮਕਸਦ ਲਈ ਔਰਤਾਂ ਛਿੱਕੂ ਵੀ ਬਣਾ ਲੈਂਦੀਆਂ ਸਨ। ਮੱਕੀ ਦੀ ਕਟਾਈ ਉਪਰੰਤ ਛੱਲੀਆਂ ਕੱਢਣ ਵਿੱਚ ਕਿਸਾਨ ਔਰਤਾਂ ਦੀ ਮਦਦ ਦੂਜੇ ਭਾਈਚਾਰਿਆਂ ਦੀਆਂ ਔਰਤਾਂ ਕਰਦੀਆਂ। ਇਸ ਤੋਂ ਇਲਾਵਾ ਕਪਾਹ ਚੁਗਣ, ਰੂੰ ਵੇਲਣ ਅਤੇ ਸਣ ਕੱਢਣ ਵਿੱਚ ਵੀ ਕਿਸਾਨ ਔਰਤਾਂ ਦੀ ਮਦਦ ਦੂਜੇ ਭਾਈਚਾਰਿਆਂ ਦੀਆਂ ਔਰਤਾਂ ਕਰਦੀਆਂ ਸਨ।

ਪਿਛਲੇ ਸਮਿਆਂ ਵਿੱਚ ਮਕਾਨ ਕੱਚੇ ਹੁੰਦੇ ਸਨ। ਇਸ ਲਈ ਉਨ੍ਹਾਂ ਦੀ ਸਾਂਭ ਸੰਭਾਲ ਵਾਸਤੇ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਖਾਸ ਤੌਰ ਤੇ ਅਤੇ ਹੋਰ ਕਿਸੇ ਦਿਨ ਤਿਉਹਾਰ ਜਾਂ ਸਮੇਂ ਸਮੇਂ ਤੇ ਉਨ੍ਹਾਂ ਦੀ ਲਿੱਪਾ ਪੋਚੀ ਅਤੇ ਸਾਫ਼ ਸਫ਼ਾਈ ਕਰਨ ਦੀ ਸਾਰੀ ਜ਼ਿੰਮੇਵਾਰੀ ਔਰਤਾਂ ਨਿਭਾਉਂਦੀਆਂ ਸਨ। ਇਸ ਸਮੇਂ ਕੰਧਾਂ ਉੱਤੇ ਮੋਰ ਤੇ ਫੁੱਲ ਚਿੜੀਆਂ ਬਣਾ ਕੇ ਔਰਤਾਂ ਆਪਣੇ ਸੂਖਮ ਜਜ਼ਬਿਆਂ ਦਾ ਪ੍ਰਗਟਾਵਾ ਸਹਿਜ ਭਾਅ ਹੀ ਕਰ ਦੇਂਦੀਆਂ ਸਨ। ਪਰ ਮੁਟਿਆਰਾਂ ਦੀ ਰੀਝ ਹੁੰਦੀ ਸੀ—

**ਓਸ ਘਰੇ ਦੇਈਂ ਬਾਬਲਾ, ਜਿੱਥੇ ਲਿੱਪਣੇ ਨਾ ਪੈਣ ਬਨੇਰੇ।**

ਪਰ ਤਕਨੀਕ ਕਾਰਨ ਆਈਆਂ ਤਬਦੀਲੀਆਂ ਨੇ ਉਪਰੋਕਤ ਵਰਨਣ ਕੀਤੇ ਸਾਰੇ ਕੰਮ ਖਤਮ ਕਰ ਦਿੱਤੇ ਹਨ ਅਤੇ ਵਿੱਦਿਆ ਦੇ ਚਾਨਣ ਨਾਲ ਔਰਤਾਂ ਵਿੱਚ ਵੱਡੀ ਜਾਗ੍ਰਿਤੀ ਆਈ ਹੈ। ਉਹ ਹੁਣ ਪੈਰ ਦੀ ਜੁੱਤੀ ਨਹੀਂ ਰਹੀ ਅਤੇ ਨਾ ਹੀ ਘਰ ਦੀ ਚਾਰ ਦਿਵਾਰੀ ਵਿੱਚ ਕੈਦ ਰਹੀ ਹੈ। ਅੱਜ ਦੀ ਔਰਤ ਮਰਦ ਨਾਲੋਂ ਦੋ ਕਦਮ ਅਗੇਰੇ ਤੁਰ ਰਹੀ ਹੈ। ਵਿੱਦਿਆ ਦਾ ਚਾਨਣ ਹਾਸਲ ਕਰ ਔਰਤਾਂ ਪੜ੍ਹ ਲਿਖ ਗਈਆਂ ਹਨ। ਜੇਕਰ ਆਖਿਆ ਜਾਵੇ ਕਿ ਅੱਜ ਦੇ ਦੌਰ ਵਿੱਚ ਕੁੜੀਆਂ ਦਾ ਪ੍ਰਦਰਸ਼ਨ ਪੜ੍ਹਾਈ ਲਿਖਾਈ ਦੇ ਖੇਤਰ ਵਿੱਚ ਮੁੰਡਿਆਂ ਨਾਲੋਂ ਕਿਤੇ ਬੇਹਤਰ ਹੈ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇਹ ਆਮ ਹੀ ਦੇਖਣ ਨੂੰ ਮਿਲਦਾ ਹੈ ਕਿ ਵੱਡੇ-ਵੱਡੇ ਜ਼ਮੀਨਾਂ ਦੇ ਮਾਲਕ ਅਤੇ ਧਨਾਢ ਲੋਕ ਆਪਣੇ ਨਾਲਾਇਕ ਪੁੱਤਰਾਂ ਨੂੰ ਵਿਦੇਸ਼ ਭੇਜਣ ਲਈ ਖੁਦ ਖਰਚ ਕਰ ਕੇ ਕੁੜੀਆਂ ਨੂੰ ਆਇਲੈਟਸ ਵਗੈਰਾ ਕਰਵਾ ਕੇ ਆਪਣੇ ਖਰਚੇ ਤੇ ਵਿਦੇਸ਼ ਭੇਜਦੇ ਹਨ ਅਤੇ ਹਰ ਸ਼ਰਤ ਮੰਨਦੇ ਹੋਏ ਉਨ੍ਹਾਂ ਨਾਲ ਰਿਸ਼ਤੇ ਤੈਅ ਕਰਨ ਲਈ ਲੇਲ੍ਹੜੀਆਂ ਕੱਢਦੇ ਹਨ। ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਸਮਝਣ ਵਾਲੇ ਲੋਕਾਂ ਲਈ ਉਨ੍ਹਾਂ ਦਾ ਅਸਲੀ ਚੇਹਰਾ ਦਿਖਾਉਂਦਾ ਇਸ ਤੋਂ ਬੇਹਤਰ ਹੋਰ ਕਿਹੜਾ ਸ਼ੀਸ਼ਾ ਹੋ ਸਕਦਾ ਹੈ ? ਇੱਥੇ ਹੀ ਬੱਸ ਨਹੀਂ ਅੱਜ ਦੀ ਔਰਤ ਕਲਪਨਾ ਚਾਵਲਾ ਦੇ ਰੂਪ ਵਿੱਚ ਪੁਲਾੜ ਗਾਹ ਰਹੀ ਹੈ। ਅੱਜ ਦੀ ਔਰਤ ਰਾਜਨੀਤੀ ਵਿੱਚ ਦਾਖਲ ਹੋ ਕੇ ਸਮਾਜ ਨੂੰ ਅਗਵਾਈ ਦੇ ਰਹੀ ਹੈ। ਅੱਜ ਦੀ ਔਰਤ ਖੇਤੀਬਾੜੀ ਦੇ ਖੇਤਰ ਵਿੱਚ ਵੀ ਖੁਦ ਟਰੈਕਟਰ ਚਲਾ ਕੇ ਹੋਰ ਵਾਹਨਾਂ ਦੀ ਡਰਾਈਵਰੀ ਕਰਕੇ ਮਰਦ ਨੂੰ ਚੁਨੌਤੀ ਦੇ ਰਹੀ ਹੈ।

ਅੱਜ ਦੀ ਔਰਤ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਧਿਆਪਕ, ਪ੍ਰੋਫ਼ੈਸਰ, ਪ੍ਰਿੰਸੀਪਲ ਅਤੇ ਹੋਰ ਵੱਡੇ-ਵੱਡੇ ਅਹੁਦਿਆਂ ਤੇ ਪਹੁੰਚ ਕੇ ਸਮਾਜ ਦੀ ਸੇਵਾ ਕਰ ਰਹੀ ਹੈ ਅਤੇ ਸਮਾਜ ਨੂੰ ਅਗਵਾਈ ਦੇ ਰਹੀ ਹੈ। ਅੱਜ ਦੀ ਔਰਤ ਵੱਡੇ-ਵੱਡੇ ਸ਼ੋਧ ਕਾਰਜ ਕਰਕੇ ਸਮਾਜ ਨੂੰ ਵਿੱਦਿਆ ਦਾ ਚਾਨਣ ਵੰਡ ਰਹੀ ਹੈ। ਅੱਜ ਦੀ ਔਰਤ ਸਮਾਜ ਦੀ ਰਾਹ ਦਸੇਰੀ ਹੈ।

ਅੱਜ ਦੇ ਸਮੇਂ ਵਿੱਚ ਔਰਤ ਮੈਡੀਕਲ ਖੇਤਰ ਵਿੱਚ ਡਾਕਟਰ ਅਤੇ ਨਰਸ ਦਾ ਕੰਮ ਕਰ ਰਹੀ ਹੈ। ਹਜ਼ਾਰਾਂ ਨਹੀਂ ਲੱਖਾਂ ਔਰਤਾਂ ਮੈਡੀਕਲ ਖੇਤਰ ਵਿੱਚ ਸੇਵਾ ਕਰਦੀਆਂ ਹੋਈਆਂ ਸਮਾਜ ਵਿੱਚ ਵਿਚਰ ਰਹੇ ਔਰਤਾਂ ਅਤੇ ਮਰਦਾਂ ਨੂੰ ਸੇਹਤ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਇਸ ਤਰ੍ਹਾਂ ਤੰਦਰੁਸਤੀ ਦੀ ਜ਼ਾਮਨ ਹੈ ਅੱਜ ਦੀ ਔਰਤ। ਇਸ ਤੋਂ ਇਲਾਵਾ ਪੁਲਿਸ ਅਤੇ ਸੁਰੱਖਿਆ ਬਲਾਂ ਵਿੱਚ ਸ਼ਾਮਲ ਹੋ ਕੇ ਅੱਜ ਦੀ ਔਰਤ ਸਮਾਜ ਦੇ ਦੁਸ਼ਮਣਾਂ ਖਿਲਾਫ਼ ਲੜ ਰਹੀ ਹੈ। ਇਸ ਤਰ੍ਹਾਂ ਅੱਜ ਦੀ ਔਰਤ ਸਮਾਜ ਨੂੰ ਸਹੀ ਲੀਹ ਤੇ ਤੁਰਦਾ ਰੱਖਣ ਲਈ ਵੱਡਾ ਯੋਗਦਾਨ ਪਾ ਰਹੀ ਹੈ। ਹੋਰ ਹਰ ਤਰ੍ਹਾਂ ਦੀਆਂ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਵੱਡੇ-ਵੱਡੇ ਅਹੁਦਿਆਂ ਤੇ ਤਾਇਨਾਤ ਹਨ ਅੱਜ ਦੀਆਂ ਔਰਤਾਂ। ਅੱਜ ਦੀਆਂ ਔਰਤਾਂ ਵਕੀਲ ਅਤੇ ਜੱਜ ਵਜੋਂ ਸੇਵਾਵਾਂ ਨਿਭਾਅ ਰਹੀਆਂ ਹਨ ਅਤੇ ਸਮਾਜ ਵਿੱਚ ਇਨਸਾਫ਼ ਵੰਡਣ ਦਾ ਕਾਰਜ ਕਰ ਰਹੀਆਂ ਹਨ।

ਜੇਕਰ ਸਧਾਰਨ ਅਤੇ ਛੋਟੇ ਪੱਧਰ ਤੇ ਆਪਣੇ ਆਲੇ-ਦੁਆਲੇ ਨਿਗਾਹ ਮਾਰੀ ਜਾਵੇ ਤਾਂ ਦੇਖਣ ਨੂੰ ਮਿਲੇਗਾ ਕਿ ਵੱਡੇ-ਵੱਡੇ ਸਟੋਰਾਂ ਵਿੱਚ ਸੇਲਜ਼ ਗਰਲਜ਼ ਅਤੇ ਅਕਾਊਂਟੈਂਟ ਤੇ ਹੋਰ ਹਰ ਤਰ੍ਹਾਂ ਦੇ ਕੰਮ ਔਰਤਾਂ ਕਰ ਰਹੀਆਂ ਹਨ। ਪਿੰਡਾਂ ਵਿੱਚ ਬਿਊਟੀ ਪਾਰਲਰ ਵੀ ਔਰਤਾਂ ਚਲਾ ਰਹੀਆਂ ਹਨ। ਤੁਸੀਂ ਬੈਂਕਾਂ ਵਿੱਚ ਜਾਓ ਤਾਂ ਤੁਹਾਨੂੰ ਕੈਸ਼ੀਅਰ ਅਤੇ ਮੈਨੇਜਰ ਵਰਗਿਆਂ ਮਹੱਤਵਪੂਰਨ ਅਹੁਦਿਆਂ ਤੇ ਔਰਤਾਂ ਕੰਮ ਕਰਦੀਆਂ ਨਜ਼ਰ ਆਉਣਗੀਆਂ। ਗੱਲ ਕੀ ਅੱਜ ਦੀ ਔਰਤ ਸਮਾਜ ਦੇ ਹਰ ਖੇਤਰ ਵਿੱਚ ਮਰਦ ਨੂੰ ਅਗਵਾਈ ਦਿੰਦੀ ਹੋਈ ਨਜ਼ਰ ਆਵੇਗੀ। ਅੱਜ ਦੀ ਔਰਤ ਅਬਲਾ ਨਹੀਂ ਸਬਲਾ ਬਣ ਗਈ ਹੈ। ਇਹ ਤਬਦੀਲੀ ਵਿਗਿਆਨ, ਤਕਨਾਲੋਜੀ ਅਤੇ ਵਿੱਦਿਆ ਦੇ ਚਾਨਣ ਸਦਕਾ ਹੀ ਸੰਭਵ ਹੋਈ ਹੈ ਭਾਵੇਂ ਕਿ ਇਸ ਤਬਦੀਲੀ ਲਈ ਔਰਤਾਂ ਵਲੋਂ ਕੀਤੇ ਗਏ ਸੰਘਰਸ਼, ਮੇਹਨਤ ਅਤੇ ਉਸ ਦੀ ਖੁਦ ਦੀ ਹਿੰਮਤ ਦਾ ਵੱਡਾ ਯੋਗਦਾਨ ਹੈ।

ਪਰ ਔਰਤ ਦੀ ਸਥਿਤੀ ਸਬੰਧੀ ਚਰਚਾ ਕਰਨ ਵੇਲੇ ਕੁਝ ਹੋਰ ਪੱਖਾਂ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ। ਇਹ ਪੱਖ ਹਨ ਔਰਤ ਪ੍ਰਤੀ ਸਮਾਜ ਦਾ ਨਜ਼ਰੀਆ ਅਤੇ ਦਿਖਾਈ ਦੇ ਰਹੀਆਂ ਤਬਦੀਲੀਆਂ ਦੀਆਂ ਹਕੀਕਤਾਂ। ਇਹ ਇੱਕ ਹਕੀਕਤ ਹੈ ਕਿ ਕਦੇ ਧੀਆਂ ਨੂੰ ਜੰਮਣ ਸਾਰ ਹੀ ਮਾਰ ਦਿੱਤਾ ਜਾਂਦਾ ਸੀ। ਪਰ ਹੁਣ ਤਾਂ ਜਨਮ ਵੀ ਨਹੀਂ ਲੈਣ ਦਿੱਤਾ ਜਾਂਦਾ ਧੀ ਨੂੰ। ਤਕਨੀਕ ਨੇ ਇਸ ਖੇਤਰ ਵਿੱਚ ਵੀ ਰੰਗ ਵਿਖਾਏ ਹਨ। ਇਸ ਲਈ

ਆਧੁਨਿਕ ਤਕਨੀਕ ਹੀ ਜ਼ਿੰਮੇਵਾਰ ਹੈ ਕਿ ਹੁਣ ਧੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਕੁੱਖ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ।ਅੱਜ ਵੀ ਖੇਤਾਂ, ਫੈਕਟਰੀਆਂ, ਦਫ਼ਤਰਾਂ ਵਿੱਚ ਕੰਮ ਕਰਦੀਆਂ ਔਰਤਾਂ ਆਪਣੇ ਨਾਲ ਕੰਮ ਕਰਦੇ ਕਾਮਿਆਂ ਦੇ ਦੁਰ ਵਿਵਹਾਰ ਦਾ ਸ਼ਿਕਾਰ ਹੁੰਦੀਆਂ ਹਨ। ਅਜਿਹਾ ਕੇਵਲ ਹੇਠਲੇ ਪੱਧਰ ਤੇ ਹੀ ਨਹੀਂ ਹੁੰਦਾ ਸਗੋਂ ਸਮਾਜ ਦੇ ਉੱਚੇ ਤਬਕਿਆਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਅਫ਼ਸਰਸ਼ਾਹੀ ਦੇ ਉੱਚੇ ਗਲਿਆਰਿਆਂ ਵਿੱਚ ਕੇ.ਪੀ.ਐਸ.ਗਿੱਲ ਜੋ ਕਿ ਸਮੇਂ ਦਾ ਡੀ.ਜੀ.ਪੀ. ਸੀ ਵਲੋਂ ਰੂਪਨ ਦਿਉਲ ਬਜਾਜ ਜੋ ਕਿ ਸਮੇਂ ਦੀ ਇੱਕ ਬਹੁਤ ਵੱਡੀ ਆਫਿਸਰ ਸੀ ਨਾਲ ਕੀਤੇ ਗਏ ਵਿਵਹਾਰ ਦੇ ਚਰਚੇ ਹਾਲੇ ਤੱਕ ਲੋਕਾਂ ਦੀ ਜ਼ਬਾਨ ਤੇ ਹਨ।ਇਸ ਤੋਂ ਇਲਾਵਾ ਦਿੱਲੀ ਦਾ ਨਿਰਭਯਾ ਕਾਂਡ, ਯੂ.ਪੀ. ਵਿੱਚ ਦੋ ਲੜਕੀਆਂ ਨੂੰ ਬਲਾਤਕਾਰ ਉਪਰੰਤ ਦਰਖਤਾਂ ਨਾਲ ਟੰਗਣਾ, ਹਰਿਆਣੇ ਦੇ ਜਾਟ ਅੰਦੋਲਨ ਦੌਰਾਨ ਔਰਤਾਂ ਨਾਲ ਸਮੂਹਿਕ ਬਲਾਤਕਾਰ ਵਰਗੀਆਂ ਘਟਨਾਵਾਂ ਤੋਂ ਇਲਾਵਾ, ਬਾਪੂ ਆਸਾ ਰਾਮ ਅਤੇ ਗੁਰਮੀਤ ਰਾਮ ਰਹੀਮ ਵਰਗੇ ਅਖੌਤੀ ਡੇਰੇਦਾਰ ਸੰਤਾਂ ਦੇ ਕੇਸ, ਕਿਸੇ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਬੇਅੰਤ ਸਿੰਘ ਦੇ ਪੋਤੇ ਵਲੋਂ ਉਸ ਸਮੇਂ ਚੰਡੀਗੜ੍ਹ ਵਿਖੇ ਕੀਤੇ ਗਏ ਵਿਦੇਸ਼ੀ ਟੂਰਿਸਟ ਕੇਤੀਆ ਨਾਲ ਵਿਵਹਾਰ ਦੀਆਂ ਘਟਨਾਵਾਂ ਸਾਡੇ ਸਮਾਜ ਦੀ ਸੋਚ ਅਤੇ ਕਰੂਪ ਚਿਹਰੇ ਨੂੰ ਬਾਖੂਬੀ ਨੰਗਾ ਕਰਦੀਆਂ ਹਨ। ਔਰਤਾਂ ਨਾਲ ਅਪਰਾਧਾਂ ਦੀਆਂ ਵਧ ਰਹੀਆਂ ਘਟਨਾਵਾਂ ਸਮਾਜ ਦੇ ਨੈਤਿਕ ਪਤਨ ਦੀ ਬਾਤ ਪਾਉਂਦੀਆਂ ਹਨ। ਸੱਭਿਆਚਾਰ ਦੇ ਨਾਂਅ ਤੇ ਸਾਡੇ ਗੀਤਕਾਰ ਔਰਤਾਂ ਦੀ ਤੁਲਨਾ ਸ਼ਰਾਬ ਅਤੇ ਹਥਿਆਰਾਂ ਨਾਲ ਕਰਦੇ ਹਨ। ਗੱਡੀ ਅਤੇ ਨੱਢੀ ਦਾ ਫਿਕਰਾ ਤਾਂ ਮੁਹਾਵਰੇ ਦੀ ਤਰ੍ਹਾਂ ਵਰਤਿਆ ਜਾਣ ਲੱਗਾ ਹੈ। ਔਰਤ ਦੀ ਕੁਰਬਾਨੀ, ਸਹਿਨਸ਼ੀਲਤਾ, ਨਿਮਰਤਾ ਅਤੇ ਉਸਦੇ ਸਿਦਕ ਦੇ ਗੁਣ ਉਜਾਗਰ ਕਰਨ ਦੀ ਥਾਂ ਉਸ ਨੂੰ ਭੋਗ ਵਿਲਾਸ ਦੀ ਵਸਤੂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਵੱਡੀਆਂ-ਵੱਡੀਆਂ ਕੰਪਨੀਆਂ ਦੇ ਇਸ਼ਤਿਹਾਰਾਂ ਵਿੱਚ ਔਰਤ ਨੂੰ ਇੱਕ ਵਸਤੂ ਵਜੋਂ ਪੇਸ਼ ਕਰਨਾ ਸਾਡੀ ਸੋਚ ਦਾ ਜਿਉਂਦਾ ਜਾਗਦਾ ਪ੍ਰਤੱਖ ਸਬੂਤ ਹੈ।ਘਰ ਦੀ ਚਾਰ ਦਿਵਾਰੀ 'ਚੋਂ ਬਾਹਰ ਨਿਕਲੀਆਂ ਔਰਤਾਂ ਆਪਣੇ ਘਰ ਪਰਿਵਾਰ, ਦਫ਼ਤਰ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਕਾਰਨ ਪਹਿਲਾਂ ਨਾਲੋਂ ਤਿੰਨ ਗੁਣਾ ਵੱਧ ਜ਼ਿੰਮੇਵਾਰੀਆਂ ਦੇ ਬੋਝ ਥੱਲੇ ਹਨ।ਇਸ ਕਾਰਨ ਅਜਿਹੀਆਂ ਔਰਤਾਂ ਦਾ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਣ ਦੇ ਚਾਨਸ ਬਹੁਤ ਵਧ ਜਾਂਦੇ ਹਨ ਜਿਸ ਦਾ ਅਸਰ ਉਸ ਦੀ ਸਰੀਰਕ ਸੇਹਤ ਉੱਤੇ ਵੀ ਪੈਂਦਾ ਹੈ। ਇਹ ਵੀ ਇੱਕ ਵੱਡੀ ਸੱਚਾਈ ਹੈ ਕਿ ਪਦਾਰਥਕ ਤੱਰਕੀ ਨਾਲ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ ਵਿੱਚ ਆਇਆ ਨਿਘਾਰ ਅੱਜ ਬਹੁਤ ਡੂੰਘੀਆਂ ਨਿਵਾਣਾਂ ਤੱਕ ਪਹੁੰਚ ਗਿਆ ਹੈ।ਆਮ ਦੇਖਣ ਵਿੱਚ ਆਉਂਦਾ ਹੈ ਕਿ ਰਾਖਵੇਂ ਕੋਟੇ ਕਾਰਨ ਔਰਤਾਂ ਪੰਚ, ਸਰਪੰਚ, ਸੰਮਤੀ ਮੈਂਬਰ ਤੇ ਜ਼ਿਲ੍ਹਾ ਪਰਿਸ਼ਦ ਮੈਂਬਰ ਤਾਂ ਬਣ ਜਾਂਦੀਆਂ ਹਨ ਪਰ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਉਸ ਦਾ ਕੋਈ ਨੇੜੇ ਦਾ ਮਰਦ ਮੈਂਬਰ ਭਾਵ ਪਤੀ, ਪੁੱਤਰ ਜਾਂ ਕੋਈ ਹੋਰ ਮਰਦ ਮੈਂਬਰ ਹੀ ਕਰਦਾ ਹੈ। ਉਸ ਨੂੰ ਕੇਵਲ ਰਬੜ ਦੀ ਮੋਹਰ ਵਜੋਂ ਹੀ ਵਰਤਿਆ ਜਾਂਦਾ ਹੈ।ਕੀ ਇਹ ਸੱਚ ਨਹੀਂ ਕਿ ਆਧੁਨਿਕਤਾ ਦੇ ਨਾਂਅ ਤੇ ਔਰਤ ਮੁਨਾਫਾ ਕਮਾਉਣ ਅਤੇ ਹਵਸ ਪੂਰਤੀ ਦਾ ਇੱਕ ਸਾਧਨ ਬਣ ਕੇ ਰਹਿ ਗਈ ਹੈ ? ਇੱਕ ਹੋਰ ਦੂਸਰਾ ਵੱਡਾ ਸੱਚ ਇਹ ਵੀ ਹੈ ਕਿ ਆਰਥਿਕ ਤੌਰ ਤੇ ਸਵੈ ਨਿਰਭਰ ਅਤੇ ਮਜ਼ਬੂਤ ਕੁਝ ਔਰਤਾਂ ਆਪ ਹੁਦਰੀਆਂ ਵੀ ਹੋ ਜਾਂਦੀਆਂ ਹਨ ਅਤੇ ਅਜ਼ਾਦੀ ਦੇ ਨਾਂਅ ਤੇ ਕਿਸੇ ਵੀ ਤਰ੍ਹਾਂ ਦੇ ਰਿਸ਼ਤੇ ਦੀ ਪਰਵਾਹ ਨਹੀਂ ਕਰਦੀਆਂ।ਇਹ ਬਿਰਤੀ ਘਰਾਂ ਵਿੱਚ ਕਲਾਹ, ਕਲੇਸ਼ ਨੂੰ ਜਨਮ ਦਿੰਦੀ ਹੈ ਅਤੇ ਆਖਰ ਪਰਿਵਾਰ ਟੁੱਟਣ ਦੀ ਨੌਬਤ ਪਹੁੰਚ ਜਾਂਦੀ ਹੈ। ਜੇਕਰ ਅਜਿਹੇ ਜੋੜੇ ਦੇ ਬੱਚੇ ਹਨ ਤਾਂ ਨਤੀਜੇ ਬਹੁਤ ਭਿਆਨਕ ਹੁੰਦੇ ਹਨ ਤਲਾਕਾਂ ਦੇ। ਅਜਿਹੇ ਬੱਚਿਆਂ ਦਾ ਮਾਨਸਿਕ ਵਿਕਾਸ ਰੁਕ ਜਾਂਦਾ ਹੈ ਜੋ ਕਿ ਬਹੁਤ ਵੱਡੀ ਤਰਾਸਦੀ ਹੈ।

ਉਂਜ ਅੱਜ ਵੀ ਭਾਰਤ ਦੇ ਕੁਝ ਪੂਰਬੀ ਪ੍ਰਦੇਸ਼ਾਂ ਅਰੁਣਾਚਲ ਪ੍ਰਦੇਸ਼, ਮਨੀਪੁਰ, ਨਾਗਾਲੈਂਡ ਅਤੇ ਤ੍ਰਿਪੁਰਾ ਦੇ ਕੁਝ ਕਬੀਲਿਆਂ ਵਿੱਚ ਮਾਤਾ ਪ੍ਰਧਾਨ ਸਮਾਜ ਹੈ।ਉਨ੍ਹਾਂ ਵਿੱਚ ਔਰਤ ਪਹਿਲਾ ਲਿੰਗ ਹੈ।ਪਤੀ ਵਲੋਂ ਘਰ ਅਤੇ ਬੱਚੇ ਸੰਭਾਲੇ ਜਾਂਦੇ ਹਨ।ਔਰਤਾਂ ਮਰਦ ਨੂੰ ਵਿਆਹ ਕੇ ਆਪਣੇ ਘਰ ਲਿਆਉਂਦੀਆਂ ਹਨ। ਪਰ ਬੁਨਿਆਦੀ ਸਵਾਲ ਔਰਤ ਪ੍ਰਧਾਨ ਸਮਾਜ ਜਾਂ ਮਰਦ ਪ੍ਰਧਾਨ ਸਮਾਜ ਦਾ ਨਹੀਂ।ਇੱਕ ਸੰਤੁਲਤ ਸੋਚ ਦਾ ਸਵਾਲ ਹੈ। ਔਰਤ ਅਤੇ ਮਰਦ ਦੋਵਾਂ ਨੂੰ ਇਹ ਗੱਲ ਸਮਝਣੀ ਹੋਵੇਗੀ ਕਿ ਘਰ ਪਰਿਵਾਰ, ਜਾਂ ਸਮਾਜ ਰੂਪੀ ਗੱਡੀ ਦੇ ਉਹ ਦੋਵੇਂ ਬਰਾਬਰ ਦੇ ਪਹੀਏ ਹਨ ਜੋ ਕਿ ਇੱਕ ਦੂਜੇ ਦੇ ਅਧੀਨ ਨਹੀਂ ਸਗੋਂ ਇੱਕ ਦੂਜੇ ਦੇ ਸਹਿਯੋਗੀ ਹਨ। ਆਖਰ ਵਿੱਚ ਇੱਕ ਕਹਾਣੀ ਨਾਲ ਇਸ ਚਰਚਾ ਦਾ ਅੰਤ ਕਰਨਾ ਚਾਹਾਂਗਾ। ਕਹਿੰਦੇ ਹਨ ਕਿ ਕਿਸੇ ਰਾਜੇ ਨੇ ਆਪਣੇ ਵਜ਼ੀਰ ਨੂੰ ਸੁਆਲ ਪੁੱਛਿਆ ਕਿ ਆਖਰ ਔਰਤ ਕੀ ਚਾਹੁੰਦੀ ਹੈ? ਕੁਝ ਸਮੇਂ ਦੀ ਮੋਹਲਤ ਲੈ ਕੇ ਵਜ਼ੀਰ ਸੁਆਲ ਦਾ ਜਵਾਬ ਢੂੰਡਣ ਤੁਰਿਆ। ਤੁਰੇ ਜਾਂਦਿਆਂ ਕਿਸੇ ਬ੍ਰਿਛ ਹੇਠਾਂ ਅਰਾਮ ਕਰਨ ਲਈ ਬੈਠਿਆ ਜਿਥੇ ਕਿ ਪਹਿਲਾਂ ਹੀ ਇੱਕ ਔਰਤ ਬੈਠੀ ਹੋਈ ਸੀ। ਵਜ਼ੀਰ ਦੇ ਚਿਹਰੇ ਤੇ ਚਿੰਤਾ ਦੀਆਂ ਲਕੀਰਾਂ ਦੇਖ ਕੇ ਔਰਤ ਨੇ ਉਸ ਨੂੰ ਪਰੇਸ਼ਾਨੀ ਦਾ ਕਾਰਨ ਪੁੱਛਿਆ। ਵਜ਼ੀਰ ਨੇ ਕਾਰਨ ਦੱਸਿਆ ਤਾਂ ਔਰਤ ਨੇ ਕਿਹਾ ਕਿ ਉਹ ਉਸਦੇ ਸਵਾਲ ਦਾ ਜਵਾਬ ਦੇ ਸਕਦੀ ਹੈ ਪਰ ਇਸ ਦੇ ਬਦਲੇ ਉਸ ਵਜ਼ੀਰ ਨੂੰ ਉਸ ਔਰਤ ਨਾਲ ਵਿਆਹ ਕਰਨਾ ਪਵੇਗਾ। ਮਰਦਾ ਕੀ ਨਾ ਕਰਦਾ ਦੇ ਕਥਨ ਅਨੁਸਾਰ ਵਜ਼ੀਰ ਨੇ ਔਰਤ ਨੂੰ ਵਿਆਹ ਲਈ ਹਾਂ ਕਰ ਦਿੱਤੀ। ਔਰਤ ਨੇ ਵਿਆਹ ਉਪਰੰਤ ਵਜ਼ੀਰ ਨੂੰ ਦੱਸਿਆ ਕਿ ਉਹ ਇੱਕ ਸ਼ਹਿਜ਼ਾਦੀ ਹੈ ਪਰ ਕਿਸੇ ਸਰਾਪ ਕਾਰਨ ਉਹ ਦਿਨ ਅਤੇ ਰਾਤ ਵਿਚੋਂ ਇੱਕ ਵੇਲੇ ਬਹੁਤ ਖੂਬਸੂਰਤ ਸੁੰਦਰੀ ਅਤੇ ਦੂਜੇ ਵੇਲੇ ਇੱਕ ਚੁੜੇਲ ਦੇ ਰੂਪ ਵਿੱਚ ਵਿਚਰੇਗੀ। ਹੁਣ ਵਜ਼ੀਰ ਦੱਸੇ ਕਿ ਉਹ ਕਿਸ ਵੇਲੇ ਉਸਨੂੰ ਕਿਸ ਰੂਪ ਵਿੱਚ ਦੇਖਣਾ ਪਸੰਦ ਕਰਦਾ ਹੈ। ਬੌਂਦਲੇ ਅਤੇ ਫਸੇ ਹੋਏ ਵਜ਼ੀਰ ਨੂੰ ਇਸ ਦਾ ਉੱਤਰ ਕੀ ਲੱਭਣਾ ਸੀ ? ਸੋ ਉਸ ਨੇ ਔਰਤ ਨੂੰ ਆਖਿਆ ਕਿ ਉਹ ਇਸ ਬਾਰੇ ਖੁਦ ਫੈਸਲਾ ਲੈ ਸਕਦੀ ਹੈ ਕਿ ਉਸ ਨੇ ਕਿਸ ਵੇਲੇ ਕੀ ਬਣਨਾ ਹੈ ? ਔਰਤ ਨੇ ਵਜ਼ੀਰ ਨੂੰ ਆਖਿਆ ਕਿ ਬੱਸ ਇਹੀ ਉਸ ਦੇ ਸਵਾਲ ਦਾ ਜਵਾਬ ਹੈ। ਔਰਤ ਚਾਹੁੰਦੀ ਹੈ ਕਿ ਉਸਨੂੰ ਸਮੇਂ ਅਤੇ ਸਥਿਤੀ ਅਨੁਸਾਰ ਖੁਦ ਫੈਸਲੇ ਲੈਣ ਦਾ ਅਧਿਕਾਰ ਹੋਵੇ। ਮਰਦ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਅਤੇ ਉਸਨੂੰ ਬਰਾਬਰ ਦਾ ਸਤਿਕਾਰ ਦਿੰਦੇ ਹੋਏ ਉਸ ਉੱਤੇ ਆਪਣੇ ਫੈਸਲੇ ਠੋਸਣੇ ਨਹੀਂ ਚਾਹੀਦੇ।

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

- ਭਗਵਾਨ ਸਿੰਘ ਲੁਬਾਣਾ

45.

**ਯਿਹ ਕਹਿ ਕੇ ਫਿਰ ਹਜ਼ੂਰ ਤੋ ਚਮਕੌਰ ਚਲ ਦੀਏ।**
**ਹਾਲਤ ਪੇ ਅਪਨੀ ਕੁਛ ਨ ਕੀਆ ਗ਼ੌਰ ਚਲ ਦੀਏ।**
**ਕਰਤਾਰ ਕੇ ਧਿਯਾਨ ਮੇਂ ਫਿਲਫੌਰ ਚਲ ਦੀਏ।**
**ਰਾਜ਼ੀ ਹੁਏ ਰਜ਼ਾ ਪੇ ਬ ਹਰ-ਤੌਰ ਚਲ ਦੀਏ।**
**ਜੋ ਕੁਛ ਵਹਾਂ ਪੇ ਗੁਜ਼ਰੀ ਯੇਹ ਲਿਖਨਾ ਮੁਹਾਲ ਹੈ।**
**ਯੇਹ ਮਰਸੀਆ ਸੁਨਾਨਾ, ਤੁਮ੍ਹੇਂ ਅਗਲੇ ਸਾਲ ਹੈ।**

ਇਤਨਾ ਕਹਿ ਕੇ ਸਤਿਗੁਰੂ ਜੀ ਤਾਂ ਚਮਕੌਰ ਵੱਲ ਚੱਲ ਪਏ। ਲੇਕਿਨ ਆਪਣੀ ਹਾਲਤ ਵੱਲ ਥੋੜ੍ਹਾ ਵੀ ਧਿਆਨ ਨਾ ਦਿੱਤਾ। ਪਰਮੇਸ਼ਰ ਦੇ ਚਰਨਾਂ ਵਿਚ ਬਿਰਤੀ ਜੋੜੀ ਅਤੇ ਤੱਤਕਾਲ ਚੱਲ ਪਏ। ਪਰਮੇਸ਼ਰ ਦੀ ਰਜ਼ਾ ਨੂੰ ਮੰਨਦੇ ਹੋਏ ਹਰ ਤਰ੍ਹਾਂ ਨਾਲ ਉਥੋਂ ਚੱਲ ਪਏ।

ਜੋਗੀ ਜੀ ਕਹਿੰਦੇ ਹਨ ਕਿ ਇਸ ਤੋਂ ਬਾਅਦ ਉਸ ਥਾਂ 'ਤੇ ਕੀ ਵਾਪਰਿਆ, ਇਹ ਲਿਖਣਾ ਬਹੁਤ ਮੁਸ਼ਕਿਲ ਹੈ ਅਤੇ ਮੈਂ ਇਹ ਕਰੁਣਾਮਈ ਪ੍ਰਸੰਗ ਆਪ ਨੂੰ ਅਗਲੇ ਸਾਲ ਸੁਣਾਵਾਂਗਾ।

46.

**ਰਹੀ ਜ਼ਿੰਦਗੀ ਤੋ ਅਗਲੇ ਬਰਸ ਲਿਖ ਕੇ ਲਾਊਂਗਾ।**
**ਅਰਸ਼ਦ ਸੇ ਬੜ੍ਹ ਕੇ ਮਰਸੀਆ ਸਭ ਕੋ ਸੁਨਾਊਂਗਾ।**
**ਸਤਿਗੁਰ ਕੇ ਗ਼ਮ ਮੇਂ ਰੋਊਂਗਾ, ਤੁਮ ਕੋ ਰੁਲਾਊਂਗਾ।**
**ਦਰਬਾਰਿ-ਨਾਨਕ ਸੇ ਸਿਲਾ ਇਸ ਕਾ ਪਾਊਂਗਾ।**
**ਜ਼ੋਰਾਵਰ ਔਰ ਫ਼ਤਹਿ ਕਾ, ਇਸ ਦਮ ਬਿਆਂ ਸੁਨੋ।**
**ਪਹੁੰਚੇ ਬਿਛੜ ਕੇ ਹਾਇ ! ਕਹਾਂ ਸੇ ਕਹਾਂ ਸੁਨੋਂ।**

ਜੋਗੀ ਜੀ ਕਹਿੰਦੇ ਹਨ ਕਿ ਜੇਕਰ ਜ਼ਿੰਦਗੀ ਰਹੀ ਤਾਂ ਅਗਲੇ ਸਾਲ ਹੋਰ ਵੀ ਵਧੀਆ ਮਰਸੀਆ ਲਿਖ ਕੇ ਲਿਆਵਾਂਗਾ ਅਤੇ ਆਪ ਸਭ ਨੂੰ ਸੁਣਾਵਾਂਗਾ। ਸਤਿਗੁਰਾਂ ਵਲੋਂ ਝੱਲੇ ਗਏ ਦੁੱਖਾਂ ਤੇ ਕਸ਼ਟਾਂ ਦੇ ਗ਼ਮ ਵਿਚ ਜਿਥੇ ਆਪ ਰੋਵਾਂਗਾ, ਉਥੇ ਆਪ ਨੂੰ ਵੀ ਰੁਆਵਾਂਗਾ ਅਤੇ ਇੰਜ ਗੁਰੂ ਨਾਨਕ ਪਾਤਸ਼ਾਹ ਦੇ ਦਰਬਾਰ ਤੋਂ ਇਸ ਦਾ ਇਨਾਮ ਪਾਵਾਂਗਾ। ਇਸ ਸਮੇਂ ਆਪ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦਾ ਹਾਲ ਸੁਣੋ ਕਿ ਪਰਿਵਾਰ ਨਾਲ ਵਿਛੜ ਕੇ ਕਿੱਥੇ ਤੋਂ ਕਿੱਥੇ ਪਹੁੰਚ ਗਏ।

47.

**ਬਹਰਿ-ਦਵਾਤ ਖ਼ੂਨਿ-ਸ਼ਹੀਦਾਂ ਬਹਮ ਕਰੂੰ।**
**ਸੀਨੇ ਕੋ ਅਪਨੇ ਚਾਕ ਮਿਸਾਲਿ-ਕਲਮ ਕਰੂੰ।**
**ਬਿਛੜੇ ਹੁਓਂ ਕੀ ਅਬ ਮੈਂ ਮੁਸੀਬਤ ਰਕਮ ਕਰੂੰ।**
**ਰੂਦਾਦ ਅਗਰ ਬਿਆਂ ਮੈਂ ਖ਼ੁਦਾ ਕੀ ਕਸਮ ਕਰੂੰ।**
**ਰਸਤੇ ਸੇ ਜਬ ਭਟਕ ਗਏ ਨੰਨ੍ਹੇ ਸਵਾਰ ਥੇ।**
**ਤਕਤੇ ਪਿਤਾ ਕੋ ਚਾਰੋਂ ਤਰਫ਼ ਬਾਰ-ਬਾਰ ਥੇ।**

ਸ਼ਹੀਦੀ ਪ੍ਰਸੰਗ ਲਿਖਣ ਲਈ, ਮੈਂ ਦਵਾਤ ਵਿਚ ਪਾਣ ਲਈ ਸ਼ਹੀਦਾਂ ਦਾ ਖ਼ੂਨ ਸਿਆਹੀ ਵਜੋਂ ਇਕੱਠਾ ਕਰਦਾ ਹਾਂ। ਲੇਖਣੀ ਬਨਾਣ ਲਈ ਮੈਂ

ਆਪਣੇ ਸੀਨੇ ਨੂੰ ਕਲਮ ਵਾਂਗ ਚੀਰ ਲੈਂਦਾ ਹਾਂ। ਹੁਣ ਮੈਂ ਵਿੱਛੜੇ ਹੋਏ ਗੁਰੂ ਪਰਿਵਾਰ ਦੀਆਂ ਮੁਸੀਬਤਾਂ ਨੂੰ ਲਿਖਣਾ ਸ਼ੁਰੂ ਕਰਦਾ ਹਾਂ। ਇਹ ਪ੍ਰਸੰਗ ਮੈਂ ਰੱਬ ਦੀ ਕਸਮ ਖਾ ਕੇ ਬਿਆਨ ਕਰਦਾ ਹਾਂ। ਛੋਟੇ ਸਾਹਿਬਜ਼ਾਦੇ ਜਦੋਂ ਰਸਤੇ ਵਿਚ ਭਟਕ ਕੇ ਸਾਥ ਤੋਂ ਵਿੱਛੜ ਗਏ ਤਾਂ ਚਾਰੇ ਪਾਸੇ ਨਜ਼ਰਾਂ ਘੁਮਾ ਕੇ ਪਿਤਾ ਜੀ ਨੂੰ ਲੱਭਣ ਲੱਗੇ।

48.

**ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ?**
**ਦਰਯਾ ਪੇ ਹਮ ਕੋ ਛੋੜ ਕੇ ਰਾਹੀ ਕਿਧਰ ਗਏ?**
**ਤੜਪਾ ਕੇ ਹਾਇ ਸੂਰਤਿ ਮਾਹੀ ਕਿਧਰ ਗਏ?**
**ਅੱਬਾ ਭਗਾ ਕੇ ਲਸ਼ਕਰਿ-ਸ਼ਾਹੀ ਕਿਧਰ ਗਏ?**
**ਭਾਈ ਭੀ ਹਮ ਕੋ ਭੂਲ ਗਏ ਸ਼ੌਕਿ-ਜੰਗ ਮੇਂ।**
**ਅਪਨਾ ਖ਼ਯਾਲ ਤਕ ਨਹੀਂ, ਜ਼ੌਕਿ-ਤੁਫ਼ੰਗ ਮੇਂ।**

ਨੰਨ੍ਹੇ ਬਾਲ ਦਾਦੀ ਜੀ ਨੂੰ ਪੁੱਛਦੇ ਹਨ ਕਿ ਆਪਣੇ ਸਿੰਘ (ਸਿਪਾਹੀ) ਕਿੱਥੇ ਚਲੇ ਗਏ ਹਨ? ਸਾਨੂੰ ਦਰਿਆ ਦੇ ਕਿਨਾਰੇ ਛੱਡ ਕੇ ਮੁਸਾਫ਼ਰ ਕਿੱਥੇ ਚਲੇ ਗਏ ਹਨ? ਸਾਨੂੰ ਮੱਛੀ ਵਾਂਗ ਤੜਪਦਿਆਂ ਨੂੰ ਛੱਡ ਕੇ ਸਾਰ ਕਿੱਧਰ ਚਲੇ ਗਏ ਹਨ? ਪੂਜ ਪਿਤਾ ਜੀ ਸਿੰਘਾਂ ਦੇ ਭਾਰੀ ਲਸ਼ਕਰ ਨੂੰ ਕਿੱਧਰੇ ਭਜਾ ਕੇ ਲੈ ਗਏ ਹਨ? ਜੰਗ ਦੇ ਸ਼ੌਕ ਵਿਚ ਸਾਡੇ ਵੀਰ ਵੀ ਸਾਨੂੰ ਭੁੱਲ ਗਏ। ਬੰਦੂਕ ਚਲਾਉਣ ਦੇ ਚਾਓ ਵਿਚ ਤਾਂ ਉਨ੍ਹਾਂ ਨੂੰ ਆਪਣਾ ਖਿਆਲ ਵੀ ਨਹੀਂ ਰਹਿੰਦਾ।

49.

**ਜਬ ਰਨ ਅਜੀਤ ਜੀਤ ਕੇ ਤਸ਼ਰੀਫ਼ ਲਾਏਂਗੇ।**
**ਅੱਬਾ ਕੇ ਸਾਥ ਜਿਸ ਘੜੀ ਜੁਝਾਰ ਆਏਂਗੇ।**
**ਕਰਕੇ ਗਿਲਾ ਹਰ ਏਕ ਸੇ, ਹਮ ਰੂਠ ਜਾਏਂਗੇ।**
**ਮਾਤਾ ਕਭੀ, ਪਿਤਾ ਕਭੀ, ਭਾਈ ਮਨਾਏਂਗੇ।**
**ਹਮ ਕੋ ਗਲੇ ਲਗਾ ਕੇ ਕਹੇਂਗੇ ਵੁਹ ਬਾਰ-ਬਾਰ।**
**ਮਾਨ ਜਾਓ, ਲੇਕਿਨ ਹਮ ਨਹੀਂ ਮਾਨੇਂਗੇ ਜ਼ੀਨਹਾਰ।**

ਜਦੋਂ ਵੀਰ ਅਜੀਤ ਸਿੰਘ ਜੀ ਜੰਗ ਜਿੱਤ ਕੇ ਆਣਗੇ, ਵੀਰ ਜੁਝਾਰ ਸਿੰਘ ਜੀ ਜਦੋਂ ਪਿਤਾ ਜੀ ਨਾਲ ਵਾਪਸ ਆਣਗੇ ਤਾਂ ਗੁੱਸਾ-ਗਿਲਾ ਕਰਕੇ ਅਸੀਂ ਸਭ ਨਾਲ ਰੁੱਸ ਜਾਵਾਂਗੇ। ਕਦੀ ਮਾਤਾ, ਕਦੀ ਪਿਤਾ ਤੇ ਕਦੀ ਵੀਰ-ਸਾਨੂੰ ਮਨਾਣਗੇ। ਸਾਨੂੰ ਆਪਣੇ ਗਲੇ ਨਾਲ ਲਾ ਕੇ ਬਾਰ-ਬਾਰ ਕਹਿਣਗੇ ਕਿ ਮੰਨ ਜਾਵੋ, ਲੇਕਿਨ ਅਸੀਂ ਬਿਲਕੁਲ ਉਨ੍ਹਾਂ ਦੀ ਗੱਲ ਨਹੀਂ ਮੰਨਾਂਗੇ।

(ਚਲਦਾ)

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

98141-28181

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

### ਅਰੋੜਾ ਬਰਾਦਰੀ ਦੀ ਸ਼ਰਧਾ ਤੇ ਸੇਵਾ

ਸੰਤ ਅਮੀਰ ਸਿੰਘ ਜੀ ਤੇ ਸੰਤ ਬਿਸ਼ਨ ਸਿੰਘ ਜੀ ਤੋਂ ਲੈ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਤੱਕ ਸਭ ਮਹਾਂਪੁਰਖਾਂ ਦੇ ਇਹ ਸ਼ਰਧਾਲੂ ਰਹੇ। ਧਨ ਦੀ ਸੇਵਾ ਤੋਂ ਛੁੱਟ ਹੱਥੀਂ ਸੇਵਾ ਭੀ ਇਹ ਬਹੁਤ ਕਰਦੇ ਸਨ। ਮੈਂ ਅੱਖੀਂ ਦੇਖਿਆ ਹੈ, 13-14-15 ਭਾਦਰੋਂ ਦੇ ਜੋੜ ਮੇਲੇ ਤੇ ਲੰਗਰ ਲਈ ਪਿੰਡ ਦਿਲੋ ਦੀ ਸੰਗਤ ਨੇ ਬੜੇ-ਬੜੇ ਮੋਟੇ ਲੱਕੜਾਂ, ਛੈਣੀਆਂ ਤੇ ਬਦਾਨਾਂ ਨਾਲ ਦਲ ਕੇ ਪੂਰੇ ਜੋੜ ਮੇਲੇ ਦੇ ਲੰਗਰ ਦਾ ਬਾਲਣ ਬਣਾ ਦੇਣਾ। ਇਨ੍ਹਾਂ ਦੇ ਮੁਖੀ ਸ. ਰਾਮ ਸਿੰਘ ਜੀ ਸਨ, ਜਿਨ੍ਹਾਂ ਦੀ ਸੇਵਾ ਦਾ ਜ਼ਿਕਰ 'ਨਨਕਾਣਾ ਸਾਹਿਬ ਦਾ ਬੁੰਗਾ' ਦੇ ਲੇਖ ਵਿਚ ਕੀਤਾ ਹੈ। ਭਾਦਰੋਂ ਦੇ ਜੋੜ ਮੇਲੇ ਦੇ ਲੰਗਰ ਵਿਚ ਬਹੁਤ ਸਾਰਾ ਕੜਾਹ ਪ੍ਰਸ਼ਾਦ ਬਣਦਾ ਸੀ। ਇਹ ਕੜਾਹ ਪ੍ਰਸ਼ਾਦ ਬਨਾਉਣ ਦੀ ਸੇਵਾ ਜੰਡਾ ਵਾਲੇ ਦੇ ਪ੍ਰੇਮੀ ਭਾਈ ਗੁਪਾਲ ਸਿੰਘ ਜੀ, ਭਾਈ ਭਗਤ ਸਿੰਘ ਜੀ, ਭਾਈ ਲਾਲ ਸਿੰਘ ਜੀ ਤੇ ਦਿਲੋ ਦੇ ਸ. ਰਾਮ ਸਿੰਘ ਜੀ, ਸ. ਚਰਨ ਸਿੰਘ ਜੀ ਆਦਿ ਪ੍ਰੇਮੀ ਕਰਦੇ ਸਨ। ਵੱਡੇ-ਵੱਡੇ ਕੜਾਹੇ ਤੇ ਚਾਰ ਪੰਜ ਭੱਠੀਆਂ ਤੇ ਸਾਰੀ ਰਾਤ ਕੜਾਹ ਪ੍ਰਸ਼ਾਦ ਤਿਆਰ ਕਰਕੇ ਇਕ ਕਮਰੇ ਵਿਚ ਟਾਲ ਲਾ ਦੇਂਦੇ ਸਨ। ਕੋਈ ਹਲਵਾਈ ਨਹੀਂ ਸਨ ਲਾਉਂਦੇ, ਇਹ ਕੜਾਹ ਪ੍ਰਸ਼ਾਦ ਬਨਾਉਣ ਦੀ ਸੇਵਾ ਇਹ ਪ੍ਰੇਮੀ ਹੀ ਕਰਦੇ ਸਨ। ਜਿਸ ਦਾ ਕੁੱਝ ਜ਼ਿਕਰ, ਜਿੱਥੇ ਮੁਰਾਲੇ ਦੇ ਲੰਗਰ ਦਾ ਜ਼ਿਕਰ ਕੀਤਾ ਹੈ, ਉਥੇ ਕਰ ਆਏ ਹਾਂ। ਜੋੜ ਮੇਲੇ ਦੇ ਲੰਗਰ ਲਈ ਜੋ ਪ੍ਰਸ਼ਾਦੇ ਤਿਆਰ ਹੁੰਦੇ, ਉਸ ਲਈ ਸਾਰੇ ਪਿੰਡਾਂ ਵਿਚ ਇਕ-ਇਕ ਬੋਰੀ ਆਟਾ ਭੇਜ ਦਿੱਤਾ ਜਾਂਦਾ ਸੀ ਤੇ ਉਹ ਪ੍ਰਸ਼ਾਦੇ ਤਿਆਰ ਕਰਕੇ ਲੰਗਰ ਵਿਚ ਪੁਚਾ ਦਿੰਦੇ ਸਨ। ਇਸ ਤਰ੍ਹਾਂ ਅਰੋੜਾ ਬਰਾਦਰੀ ਦੀ ਮਹਾਂਪੁਰਖਾਂ ਤੇ ਅਤੇ ਡੇਰੇ ਮੁਰਾਲੇ ਤੇ ਅਥਾਹ ਸ਼ਰਧਾ ਸੀ। ਆਪਣੀ ਕਮਾਈ ਵਿਚੋਂ ਬੇਅੰਤ ਮਾਇਆ ਭੀ ਲਿਆ ਕੇ ਲੰਗਰ ਲਈ ਮਹਾਂਪੁਰਖਾਂ ਦੀ ਭੇਟਾ ਕਰਦੇ ਸਨ। ਇਨ੍ਹਾਂ ਦੀ ਇਤਨੀ ਸ਼ਰਧਾ ਸੀ ਕਿ ਜਿੱਥੇ ਭੀ ਮਹਾਂਪੁਰਖ ਚਾਹੁਣ, ਇਨ੍ਹਾਂ ਦੇ ਬੱਚੇ ਬੱਚੀਆਂ ਦੇ ਰਿਸ਼ਤੇ ਭੀ ਕਰ ਦਿੰਦੇ ਸਨ। ਕੋਈ ਇਨਕਾਰ ਨਹੀਂ ਸੀ ਕਰਦਾ। ਇਸ ਅਰੋੜਾ ਬਰਾਦਰੀ ਵਿਚ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਨੇ ਵਿਆਹਾਂ ਉੱਤੇ ਬਰਾਤ ਦੀ ਗਿਣਤੀ 60 ਬੰਦੇ ਨਿਯਤ ਕਰ ਦਿੱਤੀ ਸੀ। ਢਾਈ ਜੋੜੇ ਕੱਪੜੇ ਕੇਵਲ ਕੁੜੀ ਨੂੰ ਦੇਣੇ। ਬਰਾਤ 60 ਬੰਦਿਆਂ ਤੋਂ ਵੱਧ ਨਾ ਹੋਵੇ। ਜਿਥੇ ਕਿ ਸੌ-ਸੌ ਬੰਦਿਆਂ ਤੋਂ ਵੀ ਵੱਧ ਬਰਾਤ ਹੁੰਦੀ ਸੀ।

ਚਲਦਾ

● ● ●

**ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।**

● ● ●

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਪਰਦੇਸੀ** : ਜੋ ਮਿਲਦੈ ਸਤਨਾਮ ਵਾਹਿਗੁਰੂ ਕਰਕੇ ਲੈ ਲਈਦੈ। ਇੱਜ਼ਤ ਦਾ ਇੰਨਾ ਈ ਬਹੁਤ ਕੁੱਝ ਏ।
(ਸਨਮ ਆਉਂਦਾ ਹੈ)

**ਸਨਮ** : ਕਿਉਂ ਪਰਦੇਸੀ, ਕੈਚਰ ਚੈੱਕ ਕਰ ਲਏ?

**ਪਰਦੇਸੀ** : ਟਣਾ ਟਣ ਵਾਜ ਖਿੱਚਣਗੇ। ਸਰ ਜੀ, ਮੈਨੂੰ ਪਤਾ ਲੱਗੇ ਗੁਰਦੁਆਰੇ ਤੋਂ ਕਿਸੇ ਨੇ ਅਨਾਊਂਸਮੈਂਟ ਕਰਵਾ ਦਿੱਤੀ ਕਿ ਨਾਟਕਾਂ ਦਾ ਪ੍ਰੋਗਰਾਮ ਕੈਂਸਲ ਹੋ ਗਿਐ?

**ਸਨਮ** : ਧੀਰਾ ਤੇ ਉਹਦਾ ਇਕ ਸਾਥੀ ਸ਼ਰਾਰਤ ਕਰ ਗਏ ਨੇ। ਮੈਨੂੰ ਦੁਬਾਰਾ ਅਨਾਊਂਸਮੈਂਟ ਕਰਵਾਉਣੀ ਪਈ ਏ। ਪਤਾ ਨਹੀਂ ਮੇਰੀਆਂ ਬੇੜੀਆਂ 'ਚ ਵੱਟੇ ਪਾ ਕੇ ਕੀ ਮਿਲਦੈ ਉਹਨੂੰ।

**ਬਿੱਟੂ** : ਸਰ ਜੀ, ਸਾਡੀ ਵੀ ਇਕ ਸ਼ਰਤ ਏ।

**ਸਨਮ** : ਕਿਹੜੀ ਸ਼ਰਤ?

**ਬਿੱਟੂ** : ਸਾਨੂੰ ਦੋਵਾਂ ਨੂੰ ਇਕ ਪ੍ਰੋਗਰਾਮ ਦਾ ਪੰਜ-ਪੰਜ ਸੌ ਦੇ ਸਕਦੇ ਹੋ ਤਾਂ ਨਾਟਕ ਖੇਡਾਂਗੇ, ਨਹੀਂ ਤਾਂ.....

**ਸਨਮ** : ਯਾਰ ਤੁਸੀਂ ਆਪ ਕੰਮ ਚਲਾ ਕੇ ਵੇਖੋ। ਆਮਦਨ ਵੀ ਰੱਖੋ, ਖਰਚ ਵੀ ਕਰੋ ਤੇ ਆਪਸ ਵਿਚ ਵੰਡ ਵੀ ਕਰ ਲਉ।

**ਦੀਪਕ** : ਸਰ ਜੀ, ਅਸੀਂ ਪੰਜ-ਪੰਜ ਸੌ ਤੋਂ ਘੱਟ ਨਹੀਂ ਲੈਣਾ, ਜੇ ਦਿਉਗੇ ਤਾਂ ਆਹ ਪ੍ਰੋਗਰਾਮ ਕਰਾਂਗੇ ਨਹੀਂ ਤਾਂ ਔਹ ਜਾਂਦੇ ਸਾਡਾ ਰਾਹ।

**ਸਨਮ** : (ਬੇਚੈਨੀ ਵਿਚ) ਦੇ ਦਿਆਂਗੇ ਯਾਰ, ਮੈਨੂੰ ਪੱਲਿਓਂ ਨਾ ਦੇਣਾ ਪਵੇ। ਉਧਰ ਕਰਤਾਰਪੁਰ ਦੇ ਕਲਾਕਾਰ ਅਜੇ ਵੀ ਨਹੀਂ ਪਹੁੰਚੇ..... ਮੈਂ ਫੂਨ ਕਰਕੇ ਆਇਆ।
(ਸਨਮ ਕਾਹਲੀ ਨਾਲ ਚਲਾ ਜਾਂਦਾ ਹੈ)

**ਬਿੱਟੂ** : ਸਾਡੇ ਹੱਕ, ਇਥੇ ਰੱਖ. ਇਵੇਂ ਮਿਲਦੈ.....
(ਪਿੱਛੋਂ ਧੀਰੇ ਦੀ ਆਵਾਜ਼ : ਆਪਣਾ ਹੱਕ)
(ਧੀਰਾ ਆਉਂਦਾ ਹੈ, ਜਿਸ ਨੂੰ ਬਿੱਟੂ ਤੇ ਦੀਪਕ ਮੱਥਾ ਟੇਕਦੇ ਹਨ)

**ਧੀਰਾ** : ਜੀਓ ਹਜ਼ਾਰਾਂ ਸਾਲ, ਤੁਹਾਡਾ ਦੋਵਾਂ ਦਾ ਬੰਦੋਬਸਤ ਮੈਂ ਕਰ ਦਿੱਤੈ ਦੋ ਸਿੰਗਰਾਂ ਨਾਲ। ਸਨਮ ਦਾ ਮੂੰਹ ਵੇਖਿਆ? ਮੂੰਹ ਤੇ ਸ਼ਨੀ ਦਾ ਗ੍ਰਹਿ ਘੁੰਮਦਾ ਪਿਐ! ਤੁਸੀਂ ਸਨਮ ਦੇ ਸਲਾਨਾ ਪ੍ਰੋਗਰਾਮ 'ਚ ਕੰਮ ਨਹੀਂ ਕਰਨਾ, ਮੈਂ ਤੁਹਾਨੂੰ ਲਿਸ਼ਕਾਰਾ ਪ੍ਰੋਗਰਾਮ ਤੱਕ ਲੈ ਕੇ ਜਾਵਾਂਗਾ।

(ਚਲਦਾ)

**ਖੋਹ ਕੇ ਖਾਣ ਵਾਲਿਆਂ ਦੇ ਕਦੇ ਢਿੱਡ ਨਹੀਂ ਭਰਦੇ, ਤੇ ਵੰਡ ਕੇ ਖਾਣ ਵਾਲੇ ਕਦੇ ਭੁੱਖੇ ਨਹੀਂ ਰਹਿੰਦੇ।**

ਸਿਹਤ ਸੰਭਾਲ

# ਵਾਇਰਲ ਹੈਪੇਟਾਈਟਸ ਰੋਗ ਅਤੇ ਜਾਣਕਾਰੀਆਂ

ਮੇਘਾ

ਹੈਪੇਟਾਈਟਸ ਇਕ ਸੰਕ੍ਰਮਣ ਰੋਗ ਹੈ ਜੋ ਏਡਜ਼ ਦੀ ਤਰ੍ਹਾਂ ਫੈਲਦਾ ਹੈ। ਹੈਪੇਟਾਈਟਸ ਇਕ ਖ਼ਤਰਨਾਕ ਰੋਗ ਹੈ। ਅੱਜਕਲ੍ਹ ਬਾਜ਼ਾਰ ਵਿਚ ਇਸ ਰੋਗ ਤੋਂ ਬਚਣ ਲਈ ਰੋਗ ਨਿਰੋਧੀ ਟੀਕੇ ਉਪਲਬਧ ਹਨ, ਜਿਨ੍ਹਾਂ ਨੂੰ ਡਾਕਟਰੀ ਸਲਾਹ ਅਨੁਸਾਰ ਲਗਵਾ ਲੈਣਾ ਚਾਹੀਦਾ ਹੈ।



ਵਾਇਰਲ ਹੈਪੇਟਾਈਟਸ ਦਾ ਪ੍ਰਕੋਪ ਵਰਖਾ ਰੁੱਤ ਵਿਚ ਵਧ ਜਾਂਦਾ ਹੈ। ਇਹ ਰੋਗ ਪ੍ਰਦੂਸ਼ਿਤ ਪਾਣੀ, ਦੁੱਧ ਅਤੇ ਗੰਦੇ ਭੋਜਨ ਦੇ ਸੇਵਨ ਨਾਲ ਹੁੰਦਾ ਹੈ। ਗੰਦੇ ਹੱਥਾਂ ਨਾਲ ਖਾਣਾ ਬਣਾਉਣ 'ਤੇ ਅਤੇ ਗੰਦੇ ਭਾਂਡਿਆਂ ਵਿਚ ਭੋਜਨ ਕਰਨ 'ਤੇ ਵੀ ਇਹ ਰੋਗ ਹੋ ਸਕਦਾ ਹੈ। ਇਹ ਰੋਗ ਪ੍ਰਦੂਸ਼ਣ, ਪਾਣੀ ਅਤੇ ਭੋਜਨ ਨਾਲ ਸਬੰਧਤ ਰੋਗ ਹੈ।

ਹੈਪੇਟਾਈਟਸ ਵਾਇਰਲ ਜਿਗਰ 'ਤੇ ਸਭ ਤੋਂ ਜ਼ਿਆਦਾ ਪ੍ਰਭਾਵ ਪਾਉਂਦੇ ਹਨ, ਜਿਸ ਨਾਲ ਪੀਲੀਆ ਅਤੇ ਹੋਰ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਹੈਪੇਟਾਈਟਸ ਵਾਇਰਸ ਕਈ ਰੂਪਾਂ ਵਿਚ ਹੁੰਦਾ ਹੈ ਜਿਵੇਂ 'ਏ', 'ਬੀ', 'ਸੀ', 'ਡੀ', 'ਈ' ਅਤੇ 'ਐੱਫ' ਆਦਿ। ਇਨ੍ਹਾਂ ਵਿਚੋਂ ਹੈਪੇਟਾਈਟਸ 'ਏ' ਅਤੇ 'ਈ' ਪ੍ਰਦੂਸ਼ਿਤ ਭੋਜਨ ਅਤੇ ਪਾਣੀ ਦੇ ਸੇਵਨ ਨਾਲ ਫੈਲਦਾ ਹੈ।

ਹੈਪੇਟਾਈਟਸ 'ਬੀ', 'ਸੀ' ਅਤੇ 'ਡੀ' ਸੰਕ੍ਰਮਿਤ ਖ਼ੂਨ ਚੜ੍ਹਾਉਣ ਨਾਲ, ਸੰਕ੍ਰਮਿਤ ਔਜ਼ਾਰਾਂ ਦੀ ਵਰਤੋਂ ਨਾਲ ਅਤੇ ਸੰਕ੍ਰਮਿਤ ਟੀਕਾ ਲਗਵਾਉਣ ਨਾਲ ਫੈਲਦਾ ਹੈ। ਵਾਇਰਲ ਹੈਪੇਟਾਈਟਸ 'ਬੀ', 'ਸੀ' ਅਤੇ 'ਡੀ' ਦੇ ਰੋਗੀਆਂ ਦੇ ਤੌਲੀਏ, ਸੇਫਟੀ ਅਤੇ ਦੰਦ ਸਾਫ਼ ਕਰਨ ਵਾਲੇ ਬੁਰਸ਼ ਦੀ ਵਰਤੋਂ ਤੰਦਰੁਸਤ ਲੋਕਾਂ ਨੂੰ ਨਹੀਂ ਕਰਨੀ ਚਾਹੀਦੀ।

ਹੈਪੇਟਾਈਟਸ 'ਐੱਫ' ਵੀ ਖ਼ੂਨ ਨਾਲ ਫੈਲਦਾ ਹੈ ਪਰ ਅਜੇ ਇਸ ਰੋਗ ਦੀ ਜ਼ਿਆਦਾ ਜਾਣਕਾਰੀ ਨਹੀਂ ਹੈ। ਹੈਪੇਟਾਈਟਸ ਰੋਗ ਦੀ ਪਛਾਣ ਜਾਂਚ ਕਰਵਾਉਣ 'ਤੇ ਹੀ ਪਤਾ ਲਗਦੀ ਹੈ। ਇਸ ਦਾ ਰੋਗ ਸ਼ੁਰੂ ਹੋਣ ਤੋਂ ਪਹਿਲਾਂ ਉਲਟੀ, ਦਸਤ ਲੱਗਣਾ, ਬੁਖ਼ਾਰ ਰਹਿਣਾ, ਭੁੱਖ ਘੱਟ ਲੱਗਣਾ, ਪਿਸ਼ਾਬ ਦਾ ਪੀਲਾ ਆਉਣਾ, ਪੇਟ ਦੇ ਉਪਰਲੇ ਹਿੱਸੇ ਵਿਚ ਦਰਦ ਹੋਣਾ, ਜੀਅ ਮਿਚਲਾਉਣਾ ਆਦਿ ਹੁੰਦਾ ਹੈ।

ਵਾਇਰਲ ਹੈਪੇਟਾਈਟਸ ਦੇ ਰੋਗੀਆਂ ਨੂੰ ਹੇਠ ਲਿਖੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ–

* ਪ੍ਰਦੂਸ਼ਿਤ ਭੋਜਨ ਅਤੇ ਪਾਣੀ ਤੋਂ ਪ੍ਰਹੇਜ਼ ਰੱਖੋ। ਸ਼ੁੱਧ ਪਾਣੀ ਅਤੇ ਪੌਸ਼ਟਿਕ ਸ਼ੁੱਧ ਭੋਜਨ ਦਾ ਸੇਵਨ ਕਰੋ।

•* ਸ਼ਰਕਰਾ ਦੀ ਜ਼ਿਆਦਾ ਮਾਤਰਾ ਵਾਲੇ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ, ਜਿਵੇਂ ਗੁਲੂਕੋਜ਼, ਸ਼ਰਬਤ, ਆਲੂ, ਚੌਲ, ਪੇਠੇ ਦੀ ਮਠਿਆਈ, ਘਰ ਦਾ ਬਣਿਆ ਮੁਰੱਬਾ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।

* ਰੋਗੀ ਨੂੰ ਘੱਟ ਤੋਂ ਘੱਟ ਤੇਲ, ਘਿਓ ਦਾ ਸੇਵਨ ਕਰਨਾ ਚਾਹੀਦਾ ਹੈ। ਪ੍ਰੋਟੀਨ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।

* ਰੋਗੀ ਨੂੰ ਜ਼ਿਆਦਾ ਜ਼ੋਰ ਵਾਲੇ ਕੰਮ ਨਹੀਂ ਕਰਨੇ ਚਾਹੀਦੇ। ਬਿਲਕੁਲ ਹਲਕੇ-ਫੁਲਕੇ ਕੰਮ ਕਰੋ। ਆਰਾਮ ਜ਼ਿਆਦਾ ਕਰੋ।

* ਹੈਪੇਟਾਈਟਸ ਵਾਇਰਸ ਤੋਂ ਪੀੜਤ ਰੋਗੀਆਂ ਦੇ ਕੱਪੜੇ ਅਤੇ ਬਿਸਤਰੇ ਅਲੱਗ ਗਰਮ ਪਾਣੀ ਵਿਚ ਧੋਣੇ ਚਾਹੀਦੇ ਹਨ।

* ਪਿਸ਼ਾਬ ਅਤੇ ਮਲ ਤਿਆਗਣ ਤੋਂ ਬਾਅਦ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋਵੋ।

* ਬਾਜ਼ਾਰ ਦੇ ਭੋਜਨ ਦਾ ਸੇਵਨ ਨਾ ਕਰੋ।

* ਕੱਟੇ ਫਲਾਂ ਦਾ ਸੇਵਨ ਨਾ ਕਰੋ।

* ਹੱਥਾਂ, ਪੈਰਾਂ ਅਤੇ ਸਰੀਰ ਦੀ ਤੰਦਰੁਸਤੀ 'ਤੇ ਵਿਸ਼ੇਸ਼ ਧਿਆਨ ਦਿਓ। ਨਹੁੰ ਕੱਟ ਕੇ ਰੱਖੋ।

• ਡਾਕਟਰ ਦੇ ਕਦੇ ਕਿਸੇ ਹੋਰ ਬਿਮਾਰੀ ਲਈ ਜਾਓ ਜਾਂ ਖ਼ੂਨ ਦੀ ਜਾਂਚ ਕਰਵਾਉਣ ਜਾਓ ਤਾਂ ਧਿਆਨ ਰੱਖੋ ਕਿ ਡਿਸਪੋਜ਼ੇਬਲ ਸੂਈ ਦੀ ਵਰਤੋਂ ਹੋਣੀ ਚਾਹੀਦੀ ਹੈ ਅਤੇ ਕੋਈ ਔਜ਼ਾਰ ਜੇ ਡਾਕਟਰ ਵਰਤੋਂ ਵਿਚ ਲਿਆਏ ਤਾਂ ਸਟਰਲਾਈਜ਼ਡ ਹੋਣਾ ਚਾਹੀਦਾ ਹੈ।

# ਕਾਵਿ-ਕਿਆਰੀ

## ਕਵਿਤਾ / ਅੱਜਨਾਮਾ

**ਸੁਰਿੰਦਰ ਮਕਸੂਦਪੁਰੀ**



ਕੁਝ ਪੱਤਝੜਾਂ, ਕੁਝ ਮਾਲੀਆਂ
ਖਾ ਲਏ ਦੇਸ਼ ਮੇਰੇ ਦੇ ਬਾਗ
ਕੁਝ ਪੂੰਜੀਵਾਦੀ/ਲੋਟੂਆਂ
ਕੁਝ ਰਾਜੇ ਹਾਕਮ/ਗਲਘੋਟੂਆਂ
ਲੁੱਟ ਲਏ ਦੇਸ਼ ਮੇਰੇ ਦੇ ਭਾਗ
ਅੱਜ ਖ਼ੂਨੀ ਨ੍ਹੇਰੀ ਝੁੱਲ ਰਹੀ
ਵਿਲਕੇ ਵਲੂੰਧਰੀ ਰੂਹ ਪੰਜਾਬ

ਅੱਜ ਨਸ਼ੇ ਜਵਾਨੀ ਖਾ ਰਹੇ
ਇਹ ਘਰ-ਘਰ ਲਾਂਬੂ ਲਾ ਰਹੇ
ਹੋਵੇ ਮਾਝਾ, ਮਾਲਵਾ ਜਾਂ ਦੁਆਬ
ਅੱਜ ਰੋਕ ਲਓ, ਜੇਕਰ ਰੁਕਦੇ
ਕਿਤੇ ਉਜੜ ਨਾ ਜਾਏ ਪੰਜਾਬ
ਇਹ ਮਹਿਕਾਂ ਵੰਡਦਾ ਜਗਤ ਨੂੰ
ਕਿਤੇ ਸੁੱਕ ਨਾ ਜਾਏ ਗੁਲਾਬ

ਭਗਤ ਸਿੰਘ, ਰਾਜਗੁਰੂ, ਸੁਖਦੇਵ, ਸਰਾਭੇ
ਊਧਮ ਸਿੰਘ ਜਿਹੇ ਸ਼ਹੀਦਾਂ ਮਰਜੀਵੜਿਆਂ
ਮਹਿੰਗੇ ਮੁੱਲ ਲਿਆ ਹੈ
ਆਜ਼ਾਦੀ ਦਾ ਇਹ ਵਾਸ
ਅੱਜ ਰੋਕ ਲਓ, ਜੇਕਰ ਰੁਕਦਾ
ਪੰਜਾਬ ਕਰ ਚੱਲਿਆ ਪਰਵਾਸ


ਦੇਸ਼ ਬਚਾ ਲਓ ਐ ਰਾਖਿਓ
ਅੱਜ ਸਮੇਂ ਦੀ ਇਹ ਲਲਕਾਰ
ਹਰ ਬਸ਼ਰ ਅੱਜ ਇਸ ਧਰਤ ਦਾ
ਕਹਿ ਰਿਹਾ ਕੂਕ ਪੁਕਾਰ
ਉੱਠੋ, ਕਮਰਕੱਸੇ ਕਰ ਲਓ
ਬਣ ਕੇ ਸ਼ਾਹ ਅਸਵਾਰ
ਮੁੜ ਨਹੀਂ ਆਉਣਾ ਜੱਗ 'ਤੇ
'ਮਕਸੂਦਪੁਰੀ' ਬਾਰੰਮਬਾਰ !

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021, ਮੋ. 99887-10234**

*****

## ਕਵਿਤਾ/ ਨੇਤਾ ਦੇ ਦਰਬਾਰ ਵਿਚ ਨਿੰਦਿਆ ਦੀ ਹਾਜ਼ਰੀ

**ਰਤਨ ਟਾਹਲਵੀ**



ਚੁਗ਼ਲੀ ਨਿੰਦਿਆ ਰੋਗ ਬਿਮਾਰੀ
ਸਾਰੀ ਦੁਨੀਆ ਲੱਗੀ ਏ।
ਗਲੀ ਮੁਹੱਲੇ ਸ਼ਹਿਰ ਨਗਰ 'ਚ
ਇਹ ਨੇਰ੍ਹੀ ਵਾਂਗਰ ਵੱਗੀ ਏ।

ਘਰ ਨਾ ਕੋਈ ਇਦ੍ਹੇ ਤੋਂ ਬਚਿਆ,
ਉਮਰਾਂ ਹੋ ਗਈ ਬੱਗੀ ਏ
ਨਿੰਦਿਆ ਚੁਗਲ ਬਖੀਲੀ ਕੋਲੋਂ
ਦੁਨੀਆ ਜਾ ਰਹੀ ਠੱਗੀ ।

ਝੋਲੀ ਚੁੱਕ ਦੀ ਦੁਨੀਆ ਦੇ ਵਿਚ
ਕਿਸੇ ਨਾ ਝੋਲੀ ਚੁੱਕੀ ਏ।
ਨੇਤਾ ਜੀ ਦੀ ਬੱਲੇ ਬੱਲੇ
ਘਰ 'ਚੋਂ ਨਿਕਲੀ ਭੁੱਕੀ ਏ।

ਦਿਨ ਚੜ੍ਹਦੇ ਨੂੰ ਨੇਤਾ ਦੇ ਘਰ,
ਰੌਣਕ ਲਗਦੀ ਭਾਰੀ ਏ।
ਨੇਤਾ ਨੇ ਫੜ ਝੂਠ ਦੀ ਛੁਰੀ
ਮੱਤ ਲੋਕਾਂ ਦੀ ਮਾਰੀ ਏ।

ਤੇਰੇ ਪਿੱਛੇ ਸਿਰ ਹੀ ਸਿਰ ਨੇ
ਨੇਤਾ ਨੂੰ ਜਾ ਕਹਿੰਦੇ ਨੇ।
ਨੇਤਾ ਜੀ ਫਿਰ ਹੋਰ ਨੇਤਾ ਤੋਂ
ਸਿਰ ਖੋਹਣ ਲਈ ਕਹਿੰਦੇ ਨੇ।

* * * * *

## ਕਵਿਤਾ/ ਮੁਲਜ਼ਮ ਕੌਣ

ਅਦਾਲਤ ਪਈ ਲੱਗੀ ਸੀ,
ਜੱਜ ਸਾਹਿਬ ਦੀ ਕੁਰਸੀ ਸੱਜੀ ਸੀ,
ਦਰਬਾਨ ਵੀ ਸੱਜ ਧੱਜ ਖੜ੍ਹਾ ਸੀ,
ਮੇਜ ਤੇ ਫਾਈਲਾਂ ਦਾ ਥੜ੍ਹਾ ਸੀ।

ਇੰਨੇ ਨੂੰ ਜੱਜ ਸਾਹਿਬ ਆਉਂਦੇ ਨੇ,

ਸਭ ਖੜ੍ਹੇ ਹੋ ਸਤਿਕਾਰ ਦਿਖਾਉਂਦੇ ਨੇ,
ਸੇਵਾਦਾਰ ਜੀ ਆਵਾਜ਼ ਕੇਸ ਦੀ ਲਾਉਂਦੇ ਨੇ,
ਕਈਆਂ ਦੀ ਧੜਕਣ ਵਧਾਉਂਦੇ ਨੇ।

ਮੁਲਜ਼ਮ ਫਿਰ ਕਟਹਿਰੇ ਵਿਚ ਖੜਦੇ ਨੇ,
ਦੋਨਾਂ ਧਿਰਾਂ ਦੇ ਵਕੀਲ ਫਿਰ ਲੜਦੇ ਨੇ,
ਵਕੀਲ ਗਵਾਹ ਤੇ ਫਿਰ ਸਭ ਚੜ੍ਹਦੇ ਨੇ,
ਕਈਆਂ ਨੂੰ ਸੱਚਾ ਕਈਆਂ ਨੂੰ ਝੂਠਾ ਸਾਬਤ ਕਰਦੇ ਨੇ।

ਲਾਲ ਪੱਗਾਂ ਵਾਲੇ ਵੀ ਪਿੱਛੇ ਖੜ੍ਹੇ ਸੀ,
ਰਿਮਾਂਡ ਲੈਣ ਆਏ ਚੋਰ ਕੱਲ੍ਹ ਜਿਹੜੇ ਫੜੇ ਸੀ,
ਸਹਿਮੇ ਚੋਰ ਘੱਟ ਪੁਲਿਸ ਵਾਲੇ ਬੜੇ ਸੀ,
ਮੁੱਛਾਂ ਪੁਲਿਸ ਦੀਆਂ ਥੱਲੇ ਤਾਅ ਚੋਰਾਂ ਦੇ ਖੜ੍ਹੇ ਸੀ।

ਗਵਾਹ ਦੇ ਰੂਪ ਵਿਚ ਮੈਨੂੰ ਫਿਰ ਬੁਲਾਉਂਦੇ ਨੇ,
ਹਮਲਾਵਰ ਮੇਰੇ ਤੇ ਵਿਰੋਧੀ ਵਕੀਲ ਹੋ ਜਾਂਦੇ ਨੇ,
ਜੱਜ ਸਾਹਿਬ ਵੀ ਚੁੱਪ ਕਰ ਜਾਂਦੇ ਨੇ,
ਉਲਟੇ ਸਿੱਟੇ ਸਵਾਲਾਂ ਨਾਲ ਮੈਨੂੰ ਕਲਪਾਉਂਦੇ ਨੇ।

ਕੋਰਟ ਵਿਚ ਖੜ੍ਹੇ ਹੋ ਸੋਚੀ ਇਹੋ ਜਾਂਦਾ ਹਾਂ,
ਮੈਂ ਗਵਾਹ ਜਾਂ ਮੁਲਜ਼ਮ ਸਮਝ ਨਹੀਂ ਪਾਉਂਦਾ ਹਾਂ,
ਖਤਮ ਜਿਰਾਹ ਹੋਣ ਤੇ ਸ਼ੁਕਰ ਮਨਾਉਂਦਾ ਹਾਂ,
'ਸੁਖਵਿੰਦਰ' ਕਦੋਂ ਇਹ ਵਿਵਸਥਾ ਬਦਲੂ,
ਇੰਤਜ਼ਾਰ ਕਰੀ ਜਾਂਦਾ ਹਾਂ।




**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**


● ● ●


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

## ਵੱਲੋਂ

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ


**ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।**



# MATRIMONIAL



SEEKING A MATCH FOR LUBANA SIKH BOY 08.05.1996, 6'3" CITIZEN OF CANADA, ASSOCIATE ELECTRICAL ENGINEER: 1 PURSUING ELECTRICAL ENGINEERING FROM UOW. 2. DIPLOMA IN ELECTRICAL ENGINEERING FROM CANADA-2016. PROFESSION: DIGITAL MARKETING ANALYST & PROJECT PLANNER. ANNUAL INCOME 100,000+$, OWNS 2 HOUSES IN CANADAAND 2 HOUSES + URBAN PROPERTY IN JALL. CITY. FAMILY DETAILS: FATHER: INSPR OF POLICE (RETD.), MOTHER : HOUSEWIFE SIBLINGS: 1 BROTHER & 1 SISTER, ARE MARRIED, AND CITIZENS OF CANADA. CONTACT DETAIL +919501025535

* * * * *

SEEKING MATCH LUBANA SIKH BOY 97 BORN/6 FT, B. TECH + MBA (11M), WORKING AT MNC & HANDSOME SALARY. PARENTS RETIRED FROM GOVT. SECTOR. AMBALA CANTT.

CONTACT- 94665-04766

* * * * *

SEEKING MATCH FOR SIKH LOBANA GIRL STATE/CENTER GOVT. EMPLOYEE, B. A. L. L. B, APRIL 1997, 5'-5",WORKING AS LEGAL ASSISTANT, PUNJAB GOVT. AT CHANDIGARH. CONTACT: 98139-24411

* * * * *

SEEKING MATCH FOR 21.08.1994 BORN BOY, HEIGHT 5'10" MULTANI LOBANA SIKH FAMILY, EDUCATION MSC- UNIVERSITY OF WISCONSIN-MILWAUKEE, WISCONSIN, USA & JOB SOFTWARE ENGR. IN VERIZON COMMUNICATIONS, NEW JERSEY, USA. STATUS - H1B WORK VISA WITH GREEN CARD UNDER PROCESS. FATHER: SWARN SINGH MULTANI, COMMANDANT IN CRPF (RETD.)MOTHER: HOUSE WIFE, SIBLINGS-ONE SISTER (DENTIST) MARRIED AND SETTLED IN WISCONSIN MILWAUKEE USA, PARENTS CURRENTLY RESIDING IN MOHALI. CONTACT- 9682383243 ( SawarnSingh )

* * * * *

SEEKING MATCH FOR LOBANA SIKH GIRL 28.12.1996, 5'4", MBBS FROM GOVT. COLLEGE, PATIALA & MS GENERAL SURGARY PG FROM ADESH COLLEGE, BATHINDA. FATHER MSC AND MOTHER GOVT. TEACHER, ZIRAKPUR. BOY WILL BE PREFERRED FROM THE SAME FIELD.

CONTACT – 7986902157,9779977035

* * * * *

LUBANA SIKH BOY DEC'92, 5.11FT. BE MBA, SR. MANAGER MNC DELHI, REQUIRED QUALIFIED. WORKING GIRL CAST NO BAR. 9417145424, 8360907886

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁ.ਫਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦ.ਫਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਜੂਨ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ. ਸਰਬਜੀਤ ਸਿੰਘ<br>(ਆਨਲਾਈਨ ਪ੍ਰਾਪਤ ਕੀਤੇ।) | 559 | 5000/- | 30.05.2025 |
| 2. | ਗੁਰੂ ਘਰ ਗੋਲਕ, ਬ.ਮ.ਸ.ਲ ਭਵਨ<br>ਸੈਕਟਰ-30ਏ, ਚੰਡੀਗੜ੍ਹ। | 592 | 6760/- | 25.06.2025 |
| 3. | ਸ. ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਫਲੈਟ ਨੰ: ਵਾਈ-204, ਸੈਕਟਰ-66ਏ, ਮੋਹਾਲੀ। | 575 | 1100/- | 21.06.2025 |
| 4. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 572 | 1000/- | 21.06.2025 |
| 5. | ਸ. ਨੰਬਰਦਾਰ ਸ. ਸੁਰਜੀਤ ਸਿੰਘ<br>ਭੁਲੱਥ, ਕਪੂਰਥਲਾ। | 590 | 1000/- | 21.06.2025 |
| 6. | ਸ. ਹਰਦਿੱਤ ਸਿੰਘ, ਰਾਇਲ ਅਸਟੇਟ, ਜ਼ੀਰਕਪੁਰ | 583 | 1000/- | 21.06.2025 |
| 7. | ਸ. ਮਨਜੀਤ ਸਿੰਘ<br>ਮ. ਨੰ: 1005, ਸੈਕਟਰ-71, ਮੋਹਾਲੀ। | 585 | 1000/- | 21.06.2025 |
| 8. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 560 | 500/- | 15.06.2025 |
| 9. | ਸ. ਜਸਬੀਰ ਸਿੰਘ<br>ਮ. ਨੰ. 1004, ਸੈਕਟਰ-68, ਮੋਹਾਲੀ। | 561 | 100/- | 15.06.2025 |
| 10. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 562 | 200/- | 15.06.2025 |
| 11. | ਸ. ਰਵਿੰਦਰ ਸਿੰਘ<br>ਗੁਰੂ ਘਰ ਮੁੱਖ ਸੇਵਾਦਾਰ, ਮ. ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 563 | 200/- | 15.06.2025 |
| 12. | ਕਰਨਲ ਗੁਰਦੀਪ ਸਿੰਘ (ਰਿਟਾ.),<br>ਵੀ.ਪੀ. (ਹੈ.ਕੁ.), ਮ.ਨੰ: 62, ਸੈਕਟਰ-71, ਮੋਹਾਲੀ। | 564 | 500/- | 15.06.2025 |
| 13. | ਸ. ਸੁਰਿੰਦਰ ਸਿੰਘ<br>ਮ. ਨੰ. 3040, ਸੈਕਟਰ-47, ਚੰਡੀਗੜ੍ਹ। | 565 | 200/- | 15.06.2025 |
| 14. | ਸ. ਜਗੀਰ ਸਿੰਘ<br>ਮ. ਨੰ. 2258/2, ਸੈਕਟਰ-45ਸੀ, ਚੰਡੀਗੜ੍ਹ। | 566 | 200/- | 15.06.2025 |

| | | | | |
|---|---|---|---|---|
| 15. | ਬੀਬੀ ਨਰਿੰਦਰ ਕੌਰ | 567 | 200/- | 15.06.2025 |
| | ਮ. ਨੰ. 326/2, ਸੈਕਟਰ-38ਏ, ਚੰਡੀਗੜ੍ਹ। (ਆਨਲਾਈਨ ਪ੍ਰਾਪਤ ਕੀਤੇ।) | | | |
| 16. | ਸ. ਅਮਰਜੀਤ ਸਿੰਘ ਮੁਲਤਾਨੀ | 568 | 500/- | 15.06.2025 |
| | ਮ. ਨੰ. 42, ਸੈਕਟਰ-16ਏ, ਚੰਡੀਗੜ੍ਹ। | | | |
| 17. | ਸ. ਸੁਖਵਿੰਦਰ ਸਿੰਘ, ਇੰਸਪੈਕਟਰ | 569 | 500/- | 15.06.2025 |
| | ਵੀ.ਪੀ.ਓ. ਜਲਾਲਪੁਰ, ਹੁਸ਼ਿਆਰਪੁਰ। | | | |
| 18. | ਸ. ਰਵਿੰਦਰ ਸਿੰਘ | 570 | 200/- | 21.06.2025 |
| | ਗੁਰੂਘਰ ਮੁੱਖ ਸੇਵਾਦਾਰ, ਮ. ਨੰ. 2092, ਸੈਕਟਰ-45ਸੀ, ਚੰਡੀਗੜ੍ਹ। | | | |
| 19. | ਸ. ਸੁਰਿੰਦਰ ਸਿੰਘ ਰੂਬੀ | 571 | 500/- | 21.06.2025 |
| | ਐਡੀਟਰ ਲੁਬਾਣਾ ਸੇਵਕ, ਜੀ.ਜ਼ੀ.ਐਸ. ਐਵਨਿਊ, ਜਲੰਧਰ। | | | |
| 20. | ਕਰਨਲ ਗੁਰਦੀਪ ਸਿੰਘ (ਰਿਟਾ.), | 573 | 500/- | 21.06.2025 |
| | ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | | | |
| 21. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.) | 574 | 200/- | 21.06.2025 |
| | ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | | | |
| 22. | ਸ਼੍ਰੀਮਤੀ ਕੁਲਵੰਤ ਕੌਰ | 576 | 500/- | 21.06.2025 |
| | ਸੁਪਤਨੀ ਇੰਜ. ਹਰਦੇਵ ਸਿੰਘ, ਮ. ਨੰ .1747, ਫ਼ੇਸ-7, ਮੋਹਾਲੀ। | | | |
| 23. | ਸ: ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ | 577 | 200/- | 21.06.2025 |
| | ਮ. ਨੰ: 2354, ਫ਼ੇਸ-10, ਮੋਹਾਲੀ। | | | |
| 24. | ਸ. ਜਗੀਰ ਸਿੰਘ | 578 | 251/- | 21.06.2025 |
| | ਮ. ਨੰ: 2258/2, ਸੈਕਟਰ-45ਸੀ, ਚੰਡੀਗੜ੍ਹ। | | | |
| 25. | ਸ. ਗੁਰਮੀਤ ਸਿੰਘ | 579 | 500/- | 21.06.2025 |
| 26. | ਸ. ਬਲਬੀਰ ਸਿੰਘ | 580 | 500/- | 21.06.2025 |
| | ਵੀ.ਪੀ.ਓ. ਲੱਡੇਵਾਲੀ, ਜਲੰਧਰ। | | | |
| 27. | ਸ. ਪਰਮਿੰਦਰਜੀਤ ਸਿੰਘ | 581 | 500/- | 21.06.2025 |
| | ਮ. ਨੰ: 524, ਗਰੀਨ ਮਾਡਸ ਟਾਊਨ, ਜਲੰਧਰ। | | | |
| 28. | ਸ. ਅਮਰਜੀਤ ਸਿੰਘ ਮੁਲਤਾਨੀ | 582 | 500/- | 21.06.2025 |
| | ਮ. ਨੰ: 42, ਸੈਕਟਰ-16, ਚੰਡੀਗੜ੍ਹ। | | | |
| 29. | ਸ. ਗੁਰਪਾਲ ਸਿੰਘ | 584 | 500/- | 21.06.2025 |
| | ਨਰਾਇਣਗੜ੍ਹ । | | | |
| 30. | ਇੰਜ. ਸੁਖਵੰਤ ਸਿੰਘ | 586 | 500/- | 21.06.2025 |
| | ਮ. ਨੰ: 296/11, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ। | | | |

| | | | | |
|---|---|---|---|---|
| 31. | ਕਰਨਲ ਜਗਤਾਰ ਸਿੰਘ ਮੁਲਤਾਨੀ<br>ਮ. ਨੰ: 114, ਸੈਕਟਰ-33ਏ, ਚੰਡੀਗੜ੍ਹ। | 587 | 500/- | 21.06.2025 |
| 32. | ਸ. ਅਵਤਾਰ ਸਿੰਘ, ਡੀ.ਐਸ.ਪੀ. (ਰਿਟਾ.)<br>ਮ. ਨੰ: 17, ਰਮਨੀਕ ਨਗਰ, ਮਾਡਲ ਟਾਊਨ, ਜਲੰਧਰ। | 588 | 500/- | 21.06.2025 |
| 33. | ਸ. ਜਸਵੀਰ ਸਿੰਘ<br>ਪਿਹੋਵਾ, ਹਰਿਆਣਾ। | 589 | 500/- | 21.06.2025 |
| 34. | ਸ. ਹਰਮਨਪ੍ਰੀਤ ਸਿੰਘ ਮੁਲਤਾਨੀ<br>ਜਨਰਲ ਸਕੱਤਰ, ਮ. ਨੰ: 265, ਵਾਰਡ ਨੰ.17, ਸ਼ਾਸ਼ਤਰੀ ਕਲੋਨੀ, ਪਿਹੋਵਾ, ਹਰਿਆਣਾ। | 591 | 500/- | 21.06.2025 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

• • •

**ਚੰਗੇ ਲੋਕਾਂ ਦਾ ਰੱਬ ਇਮਤਿਹਾਨ ਬਹੁਤ ਲੈਂਦਾ ਹੈ, ਪਰ ਸਾਥ ਨਹੀਂ ਛੱਡਦਾ।**
**ਬੁਰੇ ਲੋਕਾਂ ਨੂੰ ਬਹੁਤ ਕੁਝ ਦੇ ਵੀ ਦਿੰਦਾ ਹੈ ਪਰ ਸਾਥ ਨਹੀਂ ਦਿੰਦਾ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

**_Facilities Available for All Types of Functions at reasonable rates_**

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

# ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 75ਵੀਂ ਬਰਸੀ ਮਿਤੀ 21-06-2025 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵਿਖੇ ਸ਼ਰਧਾਪੂਰਵਕ ਮਨਾਈ ਗਈ